ੴ ਸਤਿਗੁਰ ਪ੍ਰਸਾਦਿ ॥

# ਖ਼ਾਲਸੇ ਦਾ ਪ੍ਰਗਟ ਦਿਵਸ-ਵਿਸਾਖੀ

## ਮੂਲ ਰੂਪ ਵਿੱਚ

## ਸਿੱਖ ਮਿਸ਼ਨਰੀ ਕਾਲਜ (ਰਜਿ:)
## ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਜਸਬੀਰ ਸਿੰਘ
Ph. : (0172-2696891), 09988160484

Type Setting : Radheshyam Choudhary
Mob. : 098149- 66882

Download Free

# ਖਾਲਸੇ ਦਾ ਪ੍ਰਗਟ ਦਿਵਸ-ਵਿਸਾਖੀ

**ਲੇਖਕ** *—ਹਰਜੀਤ ਸਿੰਘ, ਜਲੰਧਰ*

ਵਿਸਾਖੀ ਖਾਲਸੇ ਦਾ ਜਨਮ ਦਿਨ ਹੈ। ਇਸ ਦਿਨ ੧੬੯੯ ਈਸਵੀ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਸੀ। ਅੱਜ ਤੋਂ ਕਰੀਬ ਤਿੰਨ ਸਦੀਆਂ ਪਹਿਲਾਂ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਮਹੱਤਵਪੂਰਨ ਕਾਰਜ ਕੀਤਾ ਤੇ ਸਿੱਖ ਜਥੇਬੰਦੀ ਕਾਇਮ ਕਰ ਦਿੱਤੀ। ਸਿੱਖ ਜਥੇਬੰਦੀ ਦੇ ਆਰੰਭ ਨਾਲ ਇਕ ਹੋਰ ਮਹੱਤਵਪੂਰਨ ਕਾਰਜ ਇਹ ਹੋਇਆ ਕਿ ਪੰਜ ਰਹਿਤਵਾਨ ਸਿੱਖਾਂ ਨੂੰ ਅੱਗੋਂ ਅੰਮ੍ਰਿਤ ਦੇ ਚਾਹਵਾਨਾਂ ਨੂੰ ਅੰਮ੍ਰਿਤ ਛਕਾਉਣ ਦਾ ਹੱਕ ਵੀ ਉਸੇ ਦਿਨ ਤੋਂ ਪ੍ਰਾਪਤ ਹੋ ਗਿਆ। ਇਸ ਮਹੱਤਵਪੂਰਨ ਘਟਨਾ ਦਾ ਨਤੀਜਾ ਇਹ ਨਿਕਲਿਆ ਕਿ ਗੁਰਦੁਆਰਿਆਂ ਵਿਚ, ਸੜਕਾਂ ਦੇ ਕੰਢਿਆਂ ਤੇ, ਰੱਕੜਾਂ ਤੇ ਬੇਲਿਆਂ ਵਿਚ, ਘਰਾਂ ਤੇ ਘਰਾਂ ਤੋਂ ਬਾਹਰ ਜੰਗਲਾਂ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਛਕਾਇਆ ਜਾਣ ਲੱਗ ਪਿਆ। ਇਸ ਲਹਿਰ ਨੇ ਅਸਚਰਜ ਉੱਨਤੀ ਕੀਤੀ ਤੇ ਸਿੱਖਾਂ ਦੀ ਗਿਣਤੀ ਵਿਚ ਵਾਧਾ ਹੋਣਾ ਸ਼ੁਰੂ ਹੋ ਗਿਆ। ਇਤਿਹਾਸਕਾਰ ਪੈਨ ਲਿਖਦਾ ਹੈ :

"One of the most important results of Gobind Singh's action was the large increase in the number of his followers."

**ਅਰਥਾਤ—"ਗੁਰੂ ਗੋਬਿੰਦ ਸਿੰਘ ਜੀ ਦੇ ਇਸ ਕਾਰਜ ਦੇ ਮਹਾਨ ਸਿੱਟਿਆਂ ਵਿਚੋਂ ਇਕ ਇਹ ਹੋਇਆ ਕਿ ਉਹਨਾਂ ਦੇ ਪੈਰੋਕਾਰਾਂ ਦੀ ਸੰਖਿਆ ਵਿਚ ਵਾਧਾ ਹੋ ਗਿਆ।"**

ਖਾਲਸੇ ਦੀ ਸਥਾਪਨਾ ਦਾ ਸਿੱਖਾਂ ਦੀਆਂ ਭਾਵਨਾਵਾਂ ਤੇ ਵਿਚਾਰਾਂ ਉੱਤੇ ਡੂੰਘਾ ਪ੍ਰਭਾਵ ਪਿਆ। ਗੁਰੂ ਸਾਹਿਬਾਨ ਨੇ ਆਦੇਸ਼ ਦਿੱਤਾ ਕਿ ਅੰਮ੍ਰਿਤਧਾਰੀ ਸਿੱਖ ਇਕ ਅਕਾਲ ਪੁਰਖ ਤੋਂ ਸਿਵਾ ਕਿਸੇ ਹੋਰ ਤੇ ਵਿਸ਼ਵਾਸ ਨਾ ਰੱਖੇ ਤੇ ਨਾ ਹੀ ਊਚ-ਨੀਚ ਤੇ ਜ਼ਾਤ-ਪਾਤ ਨੂੰ ਮੰਨੇ।

ਆਓ! ਅੱਜ ਆਪਣੇ ਜਨਮ ਦਿਵਸ ਤੇ ਆਪਣੇ ਅੰਦਰ ਝਾਤ ਮਾਰ ੧ ੨ ਕੇ ਵੇਖੀਏ ਕਿ ਕੀ ਸੱਚ-ਮੁੱਚ ਅਸਾਂ ਸਤਿਗੁਰੂ ਦੇ ਆਦੇਸ਼ ਤੇ ਫੁੱਲ ਚੜ੍ਹਾਏ ਹਨ। ਅਸੀਂ ਤਾਂ ਅਕਾਲ ਪੁਰਖ ਨੂੰ ਵਿਸਾਰ ਕੇ ਮਨੁੱਖਾਂ ਉੱਤੇ ਤਕਵਾ ਰੱਖਣਾ ਸ਼ੁਰੂ ਕਰ ਦਿੱਤਾ ਹੈ। ਅਸੀਂ '**ਸ਼ਬਦ ਗੁਰੂ**' ਨੂੰ ਭੁੱਲ ਕੇ '**ਦੇਹਧਾਰੀ ਗੁਰੂਆਂ**' ਦੇ ਮਗਰ ਲੱਗ ਰਹੇ ਹਾਂ। ਊਚ-ਨੀਚ ਦੇ ਮਾਮਲੇ ਵਿਚ ਗਲ-ਗਲ ਤੱਕ ਖੁੱਭੇ ਪਏ ਹਾਂ। ਆਪਣੇ-ਆਪਣੇ ਨਾਵਾਂ ਨਾਲ ਜ਼ਾਤਾਂ-ਗੋਤਾਂ ਲਗਾ ਕੇ, ਧੜਿਆਂ ਤੇ ਪਾਰਟੀਆਂ ਵਿਚ ਵੰਡੇ ਗਏ ਹਾਂ। ਜੱਟ, ਗ਼ੈਰ-ਜੱਟ, ਮਾਲਵਾ, ਮਾਝਾ, ਦੁਆਬਾ ਆਦਿ ਦਾ ਅੰਤਰ ਹੀ ਨਹੀਂ ਆਇਆ, ਸਗੋਂ ਸ਼ਹਿਰੀ, ਪੇਂਡੂ, ਭਾਪੇ, ਗ਼ੈਰ-ਭਾਪੇ ਦਾ ਅੰਤਰ ਵੀ ਆ ਗਿਆ ਹੈ। ਕੀ ਇਹ ਗੁਰੂ ਦੇ ਆਦੇਸ਼ ਅਨੁਸਾਰ ਹੈ ਜਾਂ ਗੁਰ ਆਸ਼ੇ ਦੇ ਵਿਪਰੀਤ। ਅੱਜ ਸੋਚਣ ਵਾਲੀ ਗੱਲ ਇਹ ਹੈ।

ਗੁਰੂ ਸਾਹਿਬਾਨ ਨੇ ਤਾਂ ਸਿੱਖ ਸਮਾਜ ਨੂੰ ਜ਼ਾਤ-ਪਾਤ, ਵਹਿਮ-ਭਰਮ ਰਹਿਤ ਬਣਾ ਕੇ ਇਕ ਨਵੇਂ ਸਮਾਜ ਦਾ

ਨਿਰਮਾਣ ਕੀਤਾ ਸੀ ਪਰ ਅਸੀਂ ਫੇਰ ਉਸੇ ਦਲਦਲ ਵਿਚ ਫਸ ਗਏ ਹਾਂ, ਜਿਸ ਵਿਚੋਂ ਗੁਰੂ ਨੇ ਬਾਂਹ ਫੜ ਕੇ ਕੱਢਿਆ ਸੀ। ਖਾਲਸੇ ਦੀ ਸਾਜਨਾ ਨਾਲ ਸਿੱਖਾਂ ਦੇ ਆਚਰਨ ਵਿਚ ਬੜੀ ਭਾਰੀ ਤਬਦੀਲੀ ਆਈ। ਇਤਿਹਾਸਕਾਰ ਗਾਰਡਨ ਲਿਖਦਾ ਹੈ—

**"ਮਿੱਧੀ ਹੋਈ ਜੱਟਾਂ ਦੀ ਸ਼੍ਰੇਣੀ ਦੀਆਂ ਸੁੱਕੀਆਂ ਹੱਡੀਆਂ ਵਿਚ ਜਾਨ ਪੈ ਗਈ।"**

ਪ੍ਰਿੰਸੀਪਲ ਤੇਜਾ ਸਿੰਘ ਤੇ ਡਾਕਟਰ ਗੰਡਾ ਸਿੰਘ ਨੇ ਲਿਖਿਆ ਹੈ ਕਿ—

**ਖਾਲਸੇ ਦੀ ਸਾਜਨਾ ਨਾਲ ਸਿੱਖਾਂ ਦੇ ਆਚਰਨ ਵਿਚ ਮਹਾਨ ਪਰਿਵਰਤਨ ਆਇਆ ਤੇ ਜਿਹੜੇ ਲੋਕ ਮਨੁੱਖਤਾ ਦੇ ਵਾਧੂ ਅੰਗ ਸਮਝੇ ਜਾਂਦੇ ਸਨ, ਉਹ ਕਿਸੇ ਕਰਾਮਾਤੀ ਸ਼ਕਤੀ ਨਾਲ ਅਦਭੁਤ ਬਣਾ ਦਿੱਤੇ ਗਏ। ਉਹ ਲੋਕ ਜਿਹੜੇ ਉੱਚੀਆਂ ਜਾਤੀਆਂ ਦੇ ਦਾਸ ਬਣ ਕੇ ਰਹਿ ਰਹੇ ਸਨ, ਗੁਰੂ ਗੋਬਿੰਦ ਸਿੰਘ ਜੀ ਦੀ ਇਨਕਲਾਬੀ ਅਗਵਾਈ ਹੇਠਾਂ ਉਹ ਸੂਰਬੀਰ ਯੋਧੇ ਬਣ ਗਏ। ਹੁਣ ਉਹਨਾਂ ਨੂੰ ਕਿਸੇ ਪ੍ਰਕਾਰ ਦਾ ਡਰ ਨਾ ਰਿਹਾ ਤੇ ਹੁਣ ਉਹ ਆਪਣੇ ਗੁਰੂ ਦੇ ਹੁਕਮ ਉੱਤੇ ਮੌਤ ਨਾਲ ਗਲਵਕੜੀ ਪਾਉਣ ਨੂੰ ਤਿਆਰ ਰਹਿੰਦੇ।"**

ਜਦੋਂ ਵਹਿਮਾਂ, ਭਰਮਾਂ, ਜਾਤਾਂ, ਗੋਤਾਂ ਨੂੰ ਖਤਮ ਕਰਕੇ ਗੁਰੂ ਸਾਹਿਬ ਨੇ ਸਿੱਖਾਂ ਦਾ ਨਵ-ਨਿਰਮਾਣ ਕੀਤਾ ਤਾਂ ਕੌਮੀ ਏਕਤਾ ਦੇ ਰਾਹ ਵਿਚ ਆਉਣ ਵਾਲੀਆਂ ਸਾਰੀਆਂ ਰੁਕਾਵਟਾਂ ਆਪਣੇ ਆਪ ਹਟਦੀਆਂ ਗਈਆਂ। ਹਰ ਸਿੱਖ ਦੇ ਨਾਂ ਨਾਲ '**ਸਿੰਘ**' ਤੇ ਹਰ ਸਿੰਘਣੀ ਦੇ ਨਾਂ ਨਾਲ '**ਕੌਰ**' ਲਗਾ ਕੇ ਸਿੱਖਾਂ ਨੂੰ ਇਕ ਕਿਸਮ ਦਾ ਵਿਸ਼ੇਸ਼ ਵਿਅਕਤੀਤਵ ਬਖਸ਼ ਦਿੱਤਾ ਗਿਆ, ਜਿਸ ਨਾਲ ਉਹਨਾਂ ਅੰਦਰ ਭਾਵੁਕ-ਏਕਤਾ ਪੈਦਾ ਹੋ ਗਈ ਤੇ ਉਹਨਾਂ ਵਿਚੋਂ ਊਚ-ਨੀਚ ਦਾ ਅੰਤਰ ਮਿਟ ਗਿਆ ਅਤੇ ਉਹ ਸਾਰੇ ਆਪਣੇ ਆਪ ਨੂੰ ਇਕ ਸਮਾਨ ਸਮਝਣ ਲੱਗ ਪਏ। ਪਰ ਅੱਜ '**ਸਿੰਘ**' ਤੇ '**ਕੌਰ**' ਦਾ ਪ੍ਰਯੋਗ ਆਪਣੇ ਨਾਵਾਂ ਨਾਲ ਕਰਨ ਨੂੰ '**ਪਿਛਾਂਹ-ਖਿੱਚੂ**' ਰੁਚੀ ਕਿਹਾ ਜਾਂਦਾ ਹੈ।

ਕਈ ਸਿੱਖ ਆਪਣੇ ਨਾਂ ਨਾਲ '**ਸਿੰਘ**' ਲਿਖਣ ਤੋਂ ਸੰਕੋਚ ਕਰਨ ਲੱਗ ਪਏ ਹਨ। ਜੇ ਲਿਖਣਗੇ ਤਾਂ ਅੰਗਰੇਜ਼ੀ ਫੈਸ਼ਨ ਅਨੁਸਾਰ '**ਐਸ**' ਲਿਖਣਗੇ। ਕੁਲਦੀਪ ਸਿੰਘ ਦੀ ਥਾਂ ਕੁਲਦੀਪ ਐਸ. ਜਾਂ ਕੇ. ਐਸ. ਲਿਖਣਾ ਪਸੰਦ ਕੀਤਾ ਜਾਂਦਾ ਹੈ। ਇਸ ਤੋਂ ਕਿਸੇ ਦੇ ਵਿਅਕਤੀਤਵ ਦਾ ਕੀ ਪਤਾ ਲੱਗ ਸਕਦਾ ਹੈ। ਜੀ. ਐਸ. ਖੋਸਲਾ ਤੋਂ ਭਾਵ ਗੁਰਦਿਆਲ ਸਿੰਘ ਖੋਸਲਾ ਵੀ ਲਿਆ ਜਾ ਸਕਦਾ ਹੈ ਤੇ ਗੋਵਰਧਨ ਸ਼ੰਕਰ ਖੋਸਲਾ ਵੀ।

ਜੇ ਸ: ਗੰਡਾ ਸਿੰਘ, ਸ: ਤੇਜਾ ਸਿੰਘ, ਸ: ਜੋਧ ਸਿੰਘ, ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਆਦਿ ਲਿਖਣ ਨਾਲ ਉਹਨਾਂ ਵਿਅਕਤੀਆਂ ਦਾ ਮਾਣ- ਸਤਿਕਾਰ ਬਣਿਆ ਰਿਹਾ ਹੈ, ਤਾਂ ਹੁਣ ਕਿਹੜਾ ਤੂਫਾਨ ਆ ਗਿਆ ਹੈ, ਜਿਸ ਨਾਲ ਆਪਣੇ ਨਾਵਾਂ ਨਾਲ '**ਸਿੰਘ**' ਜਾਂ '**ਕੌਰ**' ਲਿਖਣ ਨਾਲ ਅਸੀਂ ਰੁੜ੍ਹ ਜਾਵਾਂਗੇ। ਵੱਧ ਤੋਂ ਵੱਧ ਨਾਵਾਂ ਨਾਲ ਪਿੰਡ ਦਾ ਨਾਂ ਲਗਾਇਆ ਜਾ ਸਕਦਾ ਹੈ, ਜਿਵੇਂ ਊਧਮ ਸਿੰਘ ਨਾਗੋਕੇ, ਦਰਸ਼ਨ ਸਿੰਘ ਫੇਰੂਮਾਨ, ਊਧਮ ਸਿੰਘ ਸੁਨਾਮ, ਗਿਆਨ ਸਿੰਘ ਰਾੜੇਵਾਲਾ ਆਦਿ।

**'ਸਿੰਘ'** ਅਤੇ **'ਕੌਰ'** ਸ਼ਬਦ ਸਾਡੇ ਨਾਵਾਂ ਨਾਲ ਹੋਣੇ ਸਿੱਖ ਸਭਿਆਚਾਰ ਦੇ ਪ੍ਰਤੀਕ ਹਨ। ਪਰ, ਜਦੋਂ ਅਸਾਂ ਆਪਣੇ ਸਭਿਆਚਾਰ ਦਾ ਤਿਆਗ ਕਰ ਲਿਆ ਤਾਂ ਸਮਝੋ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹੋਣ ਦਾ ਮਾਣ ਵੀ ਗੁਆ ਲਿਆ। ਗੁਰੂ ਸਾਹਿਬ ਤਾਂ ਆਪਣਾ ਸਿੱਖ ਉਸੇ ਨੂੰ ਮੰਨਦੇ ਹਨ ਜੋ ਉਹਨਾਂ ਦੀ ਦੱਸੀ ਰਹਿਤ ਅਪਣਾਉਂਦਾ ਹੈ ਤੇ ਰਹਿਤ ਵਿਚ ਨਾਵਾਂ ਨਾਲ **'ਸਿੰਘ'** ਤੇ **'ਕੌਰ'** ਹੋਣਾ ਜ਼ਰੂਰੀ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ—**"ਰਹਿਣੀ ਰਹੈ ਸੋਈ ਸਿਖ ਮੇਰਾ"**।

ਭਾਵੇਂ ਰਹਿਣੀ ਤੋਂ ਮੁਰਾਦ ਕੇਵਲ ਬਾਹਰਲੀ ਰਹਿਤ ਹੀ ਨਹੀਂ, ਪਰ ਹਰ ਫ਼ੌਜੀ ਦੀ ਪਹਿਚਾਣ ਉਸ ਦੀ ਵਰਦੀ ਤੋਂ ਹੀ ਹੁੰਦੀ ਹੈ, ਵੈਸੇ ਤਾਂ ਉਹ ਵੀ ਇਕ ਆਮ ਮਨੁੱਖ ਹੁੰਦਾ ਹੈ।

ਸਾਡੀ ਪਹਿਚਾਣ ਸਾਡੇ ਨਾਂ, ਸਾਡੇ ਕਿਰਦਾਰ ਤੇ ਸਾਡੇ ਸਦਾਚਾਰ ਤੋਂ ਹੋਣੀ ਹੈ। ਆਪਣੀ ਵਰ੍ਹੇ-ਗੰਢ ਦੇ ਅਵਸਰ ਤੇ ਇਸੇ ਪਾਸੇ ਉਚੇਚਾ ਧਿਆਨ ਦੇਣ ਦੀ ਲੋੜ ਹੈ। ਜੇ ਇਹੋ ਜਿਹੀ ਰੁਚੀ ਪ੍ਰਬਲ ਹੋ ਗਈ ਤਾਂ ਸਾਨੂੰ ਢਾਹ ਲੱਗੇਗੀ ਅਤੇ **'ਬਿਪਰਨ ਕੀ ਰੀਤ'** ਅਪਨਾਉਣ ਨਾਲ ਸਾਡਾ ਜਨਮ-ਦਾਤਾ ਸਾਡੀ ਪ੍ਰਤੀਤ ਨਹੀਂ ਕਰੇਗਾ। ਹੋਰ ਤਾਂ ਹੋਰ ਸਮੁੱਚਾ ਸਿੱਖ ਸਮਾਜ ਅੱਡ- ਅੱਡ ਸ਼੍ਰੇਣੀਆਂ ਵਿਚ ਵੰਡਿਆ ਜਾਏਗਾ। ਆਓ! ਇਸ ਬਾਰੇ ਵਿਚਾਰ ਕਰੀਏ। ਕੀ ਇਸ ਤਰ੍ਹਾਂ ਕਰਨ ਨਾਲ ਅਸੀਂ ਪਿਛਾਂਹ-ਖਿੱਚੂ ਤੇ ਨਾ ਕਰਨ ਨਾਲ ਅਗਾਂਹ-ਵਧੂ ਹੋ ਜਾਵਾਂਗੇ?

ਇਕ ਹੋਰ ਵਿਚਾਰ ਜੋ ਸੋਚੀ-ਸਮਝੀ ਸਾਜ਼ਿਸ਼ ਅਧੀਨ ਪ੍ਰਚਾਰਿਆ ਜਾ ਰਿਹਾ ਹੈ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਸਿੱਖਾਂ ਨੂੰ ਸਿਪਾਹੀ ਦਾ ਰੂਪ ਦੇ ਦਿੱਤਾ ਤੇ ਪਹਿਲੇ ਗੁਰੂਆਂ ਦੇ ਰਾਹ ਤੋਂ ਭਟਕਾ ਦਿੱਤਾ ਅਤੇ ਉਹਨਾਂ ਨੇ ਸਿੱਖ ਧਰਮ ਦੇ ਮੁੱਢਲੇ ਅਸੂਲ **'ਕਿਰਤ ਕਰਨੀ, ਵੰਡ ਛਕਣਾ ਅਤੇ ਨਾਮ ਜਪਣਾ'** ਛੱਡ ਦਿੱਤੇ ਅਤੇ ਕੇਵਲ ਮਾਰ-ਧਾੜ ਤੇ ਲੜਾਈ ਝਗੜਾ ਹੀ ਕਰਨ ਲੱਗ ਪਏ। ਪਰ ਜੇ ਗਹੁ ਨਾਲ ਵੇਖੀਏ ਤਾਂ ਗੁਰੂ ਸਾਹਿਬ ਨੇ ਭਗਤੀ-ਸ਼ਕਤੀ ਦਾ ਮੇਲ ਕਰਕੇ ਸਿੱਖਾਂ ਨੂੰ **'ਸੰਤ-ਸਿਪਾਹੀ'** ਬਣਾ ਕੇ ਸਿੱਖਾਂ ਅੰਦਰ ਮੀਰੀ-ਪੀਰੀ ਦਾ ਸਿਧਾਂਤ ਦ੍ਰਿੜ੍ਹ ਕਰਾਇਆ ਕਿ ਨਾਮ ਜਪਦਿਆਂ ਹੋਇਆਂ, ਦਸਾਂ ਨਹੁੰਆਂ ਦੀ ਕਿਰਤ ਕਰਦਿਆਂ ਹੋਇਆਂ ਵੀ ਜੇਕਰ ਕੋਈ ਬਦੋ-ਬਦੀ ਤੁਹਾਡੇ ਗਲ ਪੈਣ ਨੂੰ ਤਿਆਰ ਹੋ ਜਾਵੇ ਤਾਂ ਆਪਣੇ ਬਚਾਓ ਲਈ ਤੇ ਜ਼ਾਲਮ ਨੂੰ ਸੋਧਣ ਲਈ ਤਲਵਾਰ ਦੀ ਵਰਤੋਂ ਜਾਇਜ਼ ਹੈ। ਉਹਨਾਂ ਦਾ ਕਥਨ ਹੈ—

**ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥**

**ਹਲਾਲ ਅਸਤੁ ਬੁਰਦਨ ਬ-ਸ਼ਮਸ਼ੀਰ ਦਸਤ ॥ ੨੨ ॥**

ਇਸ ਦਾ ਇਹ ਭਾਵ ਕਦਾਚਿਤ ਨਹੀਂ ਕਿ ਖਾਲਸਾ ਨਿਰਦੋਸ਼, ਨਿਹੱਥੇ ਤੇ ਨਿਆਸਰੇ ਉੱਤੇ ਹੱਲਾ ਕਰੇ, ਸਗੋਂ ਇਹ ਹੈ ਕਿ ਨਿਰਦੋਸ਼, ਨਿਹੱਥੇ ਤੇ ਨਿਆਸਰੇ ਦੀ ਸਹਾਇਤਾ ਕਰਨ ਲਈ ਜੇਕਰ 'ਤਲਵਾਰ' ਦਾ ਪ੍ਰਯੋਗ ਕਰਨਾ ਹੀ ਬਾਕੀ ਵਸੀਲਾ ਰਹਿ ਜਾਵੇ ਤਾਂ ਐਸਾ ਕਰਨਾ ਉਚਿਤ ਹੈ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ **'ਸੰਤ-ਸਿਪਾਹੀਆਂ'** ਦੀ ਇਕ ਜਮਾਤ ਤਿਆਰ ਕਰ ਦਿੱਤੀ ਤੇ ਉਸ ਨੂੰ ਦੋਹਾਂ ਖੇਤਰਾਂ ਵਿਚ ਇਕੋ ਜਿਹੇ ਢੰਗ ਨਾਲ ਸਾਵਧਾਨ ਰਹਿਣ ਲਈ

ਕਿਹਾ। ਉਹਨਾਂ ਅਨੁਸਾਰ ਸੰਸਾਰ ਵਿਚ ਉਸ ਵਿਅਕਤੀ ਦਾ ਜੀਵਨ ਹੀ ਸਫ਼ਲ ਹੋ ਸਕਦਾ ਹੈ ਜੋ ਮੂੰਹੋਂ ਨਾਮ ਜਪਦਿਆਂ ਵੀ ਹਿਰਦੇ ਅੰਦਰ ਬੁਰਾਈਆਂ ਨਾਲ ਜੂਝਣ ਬਾਰੇ ਸੋਚੇ।

ਅੱਜ ਦੇ ਸੰਦਰਭ ਵਿਚ ਇਹ ਸੁਨਹਿਰੀ ਵਿਚਾਰ ਸਫਲ ਜੀਵਨ ਦਾ ਰਾਜ਼ ਹੈ। ਅੰਮ੍ਰਿਤਧਾਰੀ ਸਿੰਘ ਲਈ ਕਿਰਪਾਨ, ਰਹਿਤ ਦਾ ਇਕ ਅੰਗ ਬਣਾ ਦਿੱਤੀ ਗਈ ਸੀ ਤੇ ਇਹ ਕਿਰਪਾਨ ਇਸ ਗੱਲ ਦੀ ਪ੍ਰਤੀਕ ਸੀ ਕਿ ਅੰਮ੍ਰਿਤਧਾਰੀ ਸਿੰਘ ਦਾ ਫ਼ਰਜ਼ ਨਾ ਕੇਵਲ ਨਿਜ ਰੱਖਿਆ ਕਰਨਾ ਹੀ ਸੀ ਸਗੋਂ ਉਸ ਦੇ ਜ਼ਿੰਮੇ ਜ਼ਾਤੀ ਰੱਖਿਆ ਦਾ ਕੰਮ ਵੀ ਸੌਂਪਿਆ ਗਿਆ ਸੀ। ਇਸੇ ਕਰਕੇ ਨਾ ਚਾਹੁੰਦਿਆਂ ਹੋਇਆਂ ਵੀ ਖਾਲਸੇ ਨੂੰ ਜੰਗ ਵਿਚ ਕੁੱਦਣਾ ਪਿਆ ਸੀ। ਜਦੋਂ ਕੋਈ ਸ਼ਤਰੂ ਬਦੋ-ਬਦੀ ਗਲ ਪੈਣ ਦੀ ਕਰੇ, ਬਹੂ-ਬੇਟੀਆਂ ਦੀ ਆਬਰੂ ਖਤਰੇ ਵਿਚ ਹੋਵੇ, ਗੁਰਧਾਮਾਂ ਦੀ ਪਵਿੱਤਰਤਾ ਭੰਗ ਕੀਤੀ ਜਾ ਰਹੀ ਹੋਵੇ ਤਾਂ ਕਿਰਪਾਨ ਨੂੰ ਮਿਆਨ ਵਿਚੋਂ ਕੱਢਣਾ ਜਾਇਜ਼ ਹੋ ਜਾਂਦਾ ਹੈ। ਬਾਬਾ ਬੰਦਾ ਸਿੰਘ ਬਹਾਦਰ, ਸੂਰਬੀਰ, ਬਚਨ ਦੇ ਪੂਰੇ, ਸ਼੍ਰੋਮਣੀ ਸ਼ਹੀਦ ਬਾਬਾ ਦੀਪ ਸਿੰਘ ਆਦਿ ਸੂਰਮਿਆਂ ਨੇ ਇਨ੍ਹਾਂ ਸਥਿਤੀਆਂ ਵਿਚ ਹੀ ਕਿਰਪਾਨ ਮਿਆਨ 'ਚੋਂ ਕੱਢੀ ਤੇ ਖੰਡਾ ਖੜਕਾਇਆ ਸੀ। ਸਿੰਘਾਂ ਨੇ ਉਸ ਤੋਂ ਪਿੱਛੋਂ ਵੀ ਪੰਜਾਬ ਦੇ ਰਾਜਨੀਤਕ ਘੋਲ ਵਿਚ ਮਹੱਤਵਪੂਰਨ ਭਾਗ ਲਿਆ ਤੇ ਲਗਭਗ ਇਕ ਸਦੀ ਦੇ ਅੰਦੋਲਨ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠ ਨਾ ਕੇਵਲ ਪੰਜਾਬ ਨੂੰ ਮੁਗ਼ਲਾਂ ਤੋਂ ਆਜ਼ਾਦ ਹੀ ਕਰਾਇਆ, ਸਗੋਂ ਸ਼ੇਰੇ-ਪੰਜਾਬ ਦੀਆਂ ਹੱਦਾਂ ਨੂੰ ਦੂਰ-ਦੂਰ ਤੱਕ ਫੈਲਾਇਆ। ਪਰ ਅੱਜ ਉਸੇ ਕਿਰਪਾਨ ਨੂੰ ਅਸਾਂ ਕੇਵਲ ਇਕ ਚਿੰਨ੍ਹ ਬਣਾ ਛੱਡਿਆ ਹੈ ਅਤੇ ਉਸ ਨੂੰ ਲੱਕੜੀ ਦੇ ਕੰਘੇ ਉੱਤੇ ਲਗਾ ਕੇ ਕੇਸਾਂ ਵਿਚ ਦਸਤਾਰ ਹੇਠ ਲੁਕਾ ਲਿਆ ਹੈ। ਨਤੀਜਾ ਸਾਫ਼ ਸਾਹਮਣੇ ਹੈ ਕਿ ਸਿੱਖ ਦੀ ਸਿੱਖੀ ਨੂੰ, ਸਿੱਖ ਦੇ ਧਰਮ ਨੂੰ, ਸਿੱਖ ਦੇ ਸਭਿਆਚਾਰ ਨੂੰ ਵੰਗਾਰਿਆ ਜਾ ਰਿਹਾ ਹੈ। ਕੀ ਖਾਲਸਾ ਆਪਣੀ ਵਰ੍ਹੇ-ਗੰਢ ਦੇ ਮੌਕੇ ਤੇ ਇਸ ਬਾਰੇ ਵਿਚਾਰ ਕਰੇਗਾ ? ਕਿਰਪਾਨ ਵਾਂਗੂੰ ਹੀ ਕੜਾ ਵੀ ਸਰਬ-ਲੋਹ ਦਾ ਨਹੀਂ ਰਹਿਣ ਦਿੱਤਾ ਗਿਆ ਸਗੋਂ ਉਸ ਦਾ ਸਰੂਪ ਵਿਗਾੜ ਕੇ ਉਸ ਨੂੰ ਇਸਤਰੀਆਂ ਦੇ ਗਹਿਣੇ ਵਾਂਗ ਇਕ ਗਹਿਣਾ ਬਣਾ ਦਿੱਤਾ ਗਿਆ ਹੈ। ਸਿੱਖ ਦੀ ਬਾਂਹ ਵਿਚ ਪਿਆ ਕੜਾ ਇਹ ਦੱਸਦਾ ਹੈ ਕਿ ਸਿੱਖ ਵਹਿਮ-ਭਰਮ ਨਹੀਂ ਕਰਦਾ। ਕੜਾ ਗੁਰੂ ਸਾਹਿਬ ਨੇ ਸਿੱਖ ਦੇ ਹੱਥ ਵਿਚ ਇਸ ਲਈ ਪੁਆਇਆ ਸੀ ਕਿ ਜਿਸ ਬਾਂਹ ਵਿਚ ਗੁਰੂ ਦਾ ਕੜਾ ਪਹਿਨਿਆ ਹੋਵੇ ਉਸ ਨਾਲ ਧਿੰਗਾ-ਜ਼ੋਰੀ, ਲੜਾਈ- ਝਗੜਾ, ਲੁੱਟ-ਖਸੁੱਟ ਨਾ ਕੀਤੀ ਜਾਵੇ। ਨਾ ਹੀ ਉਸ ਹੱਥ ਨਾਲ ਕੋਈ ਹੋਰ ਅਜਿਹਾ ਕੰਮ ਕੀਤਾ ਜਾਵੇ ਜਿਸ ਦੇ ਕਰਨ ਨਾਲ ਸ਼ਰਮਿੰਦਾ ਹੋਣਾ ਪਵੇ। ਪਰ ਅੱਜ ਕੜੇ ਨੂੰ ਖਿਡੌਣਾ ਬਣਾ ਦਿੱਤਾ ਗਿਆ ਹੈ। ਕੜਾ ਹੁਣ ਸਰਬ- ਲੋਹ ਦਾ ਨਹੀਂ ਰਿਹਾ ਸਗੋਂ ਸੋਨੇ ਦਾ ਵੀ ਬਣ ਗਿਆ ਹੈ। ਉਸ ਦੀਆਂ ਕਈ ਸ਼ਕਲਾਂ ਤੇ ਆਕਾਰ ਬਣ ਗਏ ਹਨ। ਹੁਣ ਇਸ ਨੂੰ ਫੈਸ਼ਨ ਦੇ ਤੌਰ ਤੇ ਉਹ ਲੋਕ ਵੀ ਪਹਿਨੀ ਫਿਰਦੇ ਹਨ ਜੋ ਉਸੇ ਹੱਥ ਨਾਲ ਮਾੜੇ ਕਰਮ ਕਰਦੇ ਹਨ। ਕੀ ਖਾਲਸਾ ਆਪਣੇ ਜਨਮ ਦਿਵਸ ਤੇ ਇਸ ਬਾਰੇ ਸੋਚੇਗਾ ?

ਕੰਘਾ ਸਤਿਗੁਰੂ ਜੀ ਨੇ ਕੇਸਾਂ ਦੀ ਸਫ਼ਾਈ ਕਰਨ ਲਈ ਬਖਸ਼ਿਸ਼ ਕੀਤਾ ਸੀ ਤੇ ਉਸ ਨੂੰ ਕੇਸਾਂ ਵਿਚ ਰੱਖਣ ਦਾ ਆਦੇਸ਼ ਦਿੱਤਾ ਸੀ। ਪਰ ਅਸੀਂ ਆਪਣੀ ਸੁਵਿਧਾ ਅਨੁਸਾਰ ਕੰਘੇ ਦੇ ਉੱਤੇ ਕਿਰਪਾਨ ਹੀ ਨਹੀਂ ਲਗਾ ਲਈ ਸਗੋਂ ਇਕ ਕਦਮ ਹੋਰ ਅੱਗੇ ਜਾ ਕੇ ਖੰਡਾ ਵੀ ਉਸ ਨਾਲ ਜੜ ਲਿਆ ਹੈ। ਹੁਣ ਸਿੱਖਾਂ ਦੇ ਕੰਘੇ ਉਹਨਾਂ ਦੀਆਂ ਜੇਬਾਂ ਤੇ

ਪਰਸਾਂ ਵਿਚ ਰੱਖੇ ਜਾਂਦੇ ਵੇਖੇ ਗਏ ਹਨ। ਜਦੋਂ ਲੋੜ ਪਈ ਕੱਢਿਆ, ਵਰਤਿਆ ਤੇ ਫੇਰ ਸੰਭਾਲ ਲਿਆ। ਕਿਤਨੀ ਨੇਕ-ਨੀਯਤੀ ਤੇ ਸਤਿਕਾਰ ਨਾਲ ਗੁਰੂ ਸਾਹਿਬਾਂ ਦੇ ਆਦੇਸ਼ਾਂ ਦਾ ਪਾਲਣ ਕੀਤਾ ਜਾ ਰਿਹਾ ਹੈ? ਇਸੇ ਤਰ੍ਹਾਂ ਕਛਹਿਰੇ ਦੀ ਥਾਂ ਕੱਛੇ ਹੀ ਨਹੀਂ ਸਗੋਂ ਬਾਜ਼ਾਰੀ ਅੰਡਰਵੇਅਰ ਵਰਤੇ ਜਾ ਰਹੇ ਹਨ ਅਤੇ ਕਛਹਿਰਾ ਜਿਸ ਜਤ- ਸਤ ਦਾ ਪ੍ਰਤੀਕ ਸੀ, ਉਸ ਨੂੰ ਅਸਾਂ ਛਿੱਕੇ ਤੇ ਟੰਗ ਰੱਖਿਆ ਹੈ। ਕਿਤਨੇ ਸਿਦਕਵਾਨ ਸਿੱਖ ਹਾਂ ਅਸੀਂ ਗੁਰੂ ਕਲਗੀਧਰ ਜੀ ਦੇ? ਕੇਸ ਤਾਂ ਵਾਹਿਗੁਰੂ ਦੀ ਅਮੁੱਲੀ ਤੇ ਕੁਦਰਤੀ ਦਾਤ ਹੈ। ਜਿਹੜੇ ਕੇਸ ਕਟਾਂਦੇ ਹਨ ਉਹ ਪਰਮਾਤਮਾ ਦੇ ਕੀਤੇ ਵਿਚ ਆਪਣੀ ਸਿਆਣਪ ਦਾ ਦਖਲ ਕਰਦੇ ਹਨ, ਪਰ ਮੂਰਖ ਇਹ ਨਹੀਂ ਸਮਝਦੇ ਕਿ ਜੇ ਇਹ ਵਾਧੂ ਚੀਜ਼ ਹੁੰਦੀ ਤਾਂ ਇਕ ਵਾਰੀ ਕੱਟਣ ਤੋਂ ਪਿੱਛੋਂ ਫੇਰ ਪੈਦਾ ਨਾ ਹੁੰਦੀ। ਜੋ ਲੋਕ ਦਿੱਤੀ ਦਾਤ ਨੂੰ ਬਰਬਾਦ ਕਰਦੇ ਹਨ ਉਹ ਅਮਾਨਤ ਵਿਚ ਖਿਆਨਤ ਕਰਨ ਦੇ ਭਾਗੀ ਹੁੰਦੇ ਹਨ। ਪਰ ਜੋ ਸਿੱਖ ਅਖਵਾਂਦੇ ਹੋਏ ਦਾਹੜੀ ਟਰਿਮ (ਕੱਟਦੇ) ਕਰਦੇ ਹਨ, ਉਹਨਾਂ ਨੂੰ ਸੰਸਾਰ ਪ੍ਰਸਿੱਧ ਫਿਲਾਸਫਰ 'ਟਾਇਨਬੀ' ਦੇ ਸ਼ਬਦ ਯਾਦ ਰੱਖਣੇ ਚਾਹੀਦੇ ਹਨ, ਜੋ ਕਹਿੰਦਾ ਹੈ, ਕਿ—

**"ਸੰਸਾਰ ਵਿਚ ਸਭ ਤੋਂ ਖ਼ੂਬਸੂਰਤ ਇਨਸਾਨ ਉਹ ਸਿੱਖ ਹੈ ਜੋ ਆਪਣੀ ਦਾੜ੍ਹੀ ਅਸਲੀ ਹਾਲਤ ਵਿਚ ਖੁਲ੍ਹੀ ਰੱਖਦਾ ਹੈ ਤੇ ਸੰਸਾਰ ਦਾ ਸਭ ਤੋਂ**

**ਕਰੂਪ ਵਿਅਕਤੀ ਉਹ ਸਿੱਖ ਹੈ ਜੋ ਦਾੜ੍ਹੀ ਕੱਟਦਾ ਹੈ।"**

ਉਹ ਲੋਕ ਜੋ ਸਿੱਖੀ ਸਰੂਪ ਨੂੰ ਵਿਗਾੜਨ ਦੇ ਭਾਗੀ ਬਣਦੇ ਹਨ ਉਹ ਨਾ ਤਾਂ ਖ਼ੂਬਸੂਰਤ ਬਣ ਸਕਦੇ ਹਨ, ਨਾ ਮਨੁੱਖ, ਤੇ ਨਾ ਹੀ ਬਾਜ਼ਾਂ ਵਾਲੇ ਦੇ ਮਹਿਬੂਬ। ਉਹਨਾਂ ਲੋਕਾਂ ਨੂੰ ਆਪਣੇ ਜਨਮ ਦਿਨ ਤੇ ਇਸ ਘਾਤਕ ਕਾਰਵਾਈ ਦੇ ਕਰਨ ਤੋਂ ਤੋਬਾ ਕਰਨੀ ਚਾਹੀਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਅਨੇਕਾਂ ਹੋਰ ਸਿਫਤਾਂ ਤੋਂ ਇਲਾਵਾ ਇਕ ਇਹ ਵੀ ਹੈ ਕਿ ਉਹ ਆਪੇ ਗੁਰੂ ਚੇਲਾ ਵੀ ਹਨ—

**"ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ"**

ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਗੁਰੂ ਸਾਹਿਬ ਨੇ ਜੋ ਹੈਰਾਨੀਜਨਕ ਕਾਰਜ ਕੀਤਾ, ਉਹ ਸੀ ਕਿ ਪੰਜ ਤਿਆਰ-ਬਰ-ਤਿਆਰ ਸਿੰਘਾਂ ਅੱਗੇ ਹੱਥ ਜੋੜ ਕੇ ਖੜੇ ਹੋ ਗਏ ਤੇ ਅੰਮ੍ਰਿਤ ਦੀ ਦਾਤ ਮੰਗਦਿਆਂ ਕਹਿਣ ਲੱਗੇ—

**"ਖਾਲਸਾ ਜੀ! ਅੰਮ੍ਰਿਤ ਦੀ ਦਾਤ, ਗੋਬਿੰਦ ਰਾਏ ਨੂੰ ਬਖਸ਼ ਕੇ**

**ਉਸ ਨੂੰ ਵੀ "ਗੋਬਿੰਦ ਸਿੰਘ" ਹੋਣ ਦਾ ਮਾਣ ਬਖਸ਼ੋ।"** ਜੀ।

ਇਸ ਤਰ੍ਹਾਂ ਗੁਰੂ ਸਾਹਿਬ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਆਪ ਖਾਲਸੇ ਵਿਚ ਅਭੇਦ ਹੋ ਗਏ ਤੇ ਫੁਰਮਾਇਆ—

**ਖਾਲਸਾ ਮੇਰੋ ਰੂਪ ਹੈ ਖਾਸ।**

**ਖਾਲਸੇ ਮਹਿ ਹਉਂ ਕਰੌਂ ਨਿਵਾਸ।**

ਜਦੋਂ ਖਾਲਸਾ ਗੁਰੂ ਹੈ ਤੇ ਗੁਰੂ ਖਾਲਸਾ ਹੈ, ਤਾਂ ਖਾਲਸਾ ਅਖਵਾਉਣ ਵਾਲਿਆਂ ਨੂੰ ਉਹਨਾਂ ਸਿਫ਼ਤਾਂ ਦਾ ਮਾਲਕ ਬਣਨਾ ਪਵੇਗਾ, ਜਿਹੜੀਆਂ ਸਿਫ਼ਤਾਂ ਗੁਰੂ ਸਾਹਿਬ ਨੇ ਖਾਲਸੇ ਨੂੰ ਬਖਸ਼ੀਆਂ ਹਨ। ਜਦੋਂ ਤੱਕ ਸਾਡੇ ਅੰਦਰ

ਇਹ '**ਚੜ੍ਹਦੀ ਕਲਾ**' ਵਾਲਾ ਜਜ਼ਬਾ ਉਜਾਗਰ ਰਹੇਗਾ ਕਿ ਗੁਰੂ ਸਾਹਿਬ ਖਾਲਸੇ ਵਿਚ ਮੌਜੂਦ ਹਨ ਉਦੋਂ ਤੱਕ ਖਾਲਸਾ ਡੋਲੇ-ਥਿੜਕੇਗਾ ਨਹੀਂ, ਸਗੋਂ ਚਟਾਨ ਵਾਂਗ ਮਜ਼ਬੂਤ ਰਹੇਗਾ ਅਤੇ ਉਹ ਕਿਸੇ ਸਮੇਂ ਤੇ ਕਿਸੇ ਸਥਿਤੀ ਤੋਂ ਡਰੇਗਾ ਨਹੀਂ।

ਇਸ ਚੜ੍ਹਦੀ ਕਲਾ ਵਾਲੇ ਜਜ਼ਬੇ ਅਧੀਨ ਹੀ ਸਿੰਘ ਅਸਹਿ ਤੇ ਅਕਹਿ ਔਕੜਾਂ ਝੱਲਦੇ ਰਹੇ ਤੇ ਕੁਰਬਾਨੀਆਂ ਕਰਦੇ ਰਹੇ। ਇਸ ਜਜ਼ਬੇ ਦੀ ਘਾਟ ਕਰਕੇ ਹੀ ਅਸਾਂ ਗੁਰੂ ਸਾਹਿਬ ਦੀ ਓਟ ਵਿਸਾਰ ਕੇ ਮਨੁੱਖੀ ਆਸਰੇ ਤੇ ਆਪਣੀ ਮਤਿ ਨੂੰ ਅੱਗੇ ਲੈ ਆਂਦਾ ਹੈ। ਫਲਸਰੂਪ ਹਰ ਖੇਤਰ ਵਿਚ ਮਾਰ ਖਾ ਰਹੇ ਹਾਂ। ਆਪਣੇ ਜਨਮ ਦਿਨ ਤੇ ਇਸ ਬਾਰੇ ਵੀ ਲੇਖਾ-ਜੋਖਾ ਕਰਨ ਦੀ ਲੋੜ ਹੈ, ਖਾਲਸਾ ਜੀ!

ਕਈ ਲੋਕਾਂ ਦਾ ਵਿਚਾਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵਿਚਾਰ ਪਹਿਲੇ ੯ ਗੁਰੂ ਸਾਹਿਬਾਨ ਨਾਲੋਂ ਕੁਝ ਵੱਖਰੇ ਸਨ ਤੇ ਉਹਨਾਂ ਨੇ ਪਹਿਲੇ ਗੁਰੂ ਸਾਹਿਬਾਨ ਦੇ ਰਸਤੇ ਨੂੰ ਛੱਡ ਕੇ ਇਕ ਨਵਾਂ ਰਾਹ ਚੁਣਿਆ। ਪਰ ਜੇ ਜ਼ਰਾ ਗਹੁ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਕਾਰਜ ਉਸ ਸਿੱਖ ਧਰਮ ਦੇ ਵਿਕਾਸ ਦੀ ਉਪਜ ਸਨ, ਜਿਸ ਦੀ ਨੀਂਹ ਗੁਰੂ ਨਾਨਕ ਸਾਹਿਬ ਨੇ ਰੱਖੀ ਸੀ। ਅਸਲ ਵਿਚ ਜੋ ਫਸਲ ਗੁਰੂ ਨਾਨਕ ਸਾਹਿਬ ਨੇ ਬੀਜੀ ਸੀ, ਜਿਸ ਨੂੰ ਗੁਰੂ ਅਰਜਨ ਸਾਹਿਬ ਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਖ਼ੂਨ ਨਾਲ ਸਿੰਜਿਆ ਸੀ, ਜਿਸ ਦੀ ਰਾਖੀ ਮੀਰੀ-ਪੀਰੀ ਦੇ ਮਾਲਕ ਨੇ ਕੀਤੀ ਸੀ, ਉਸ ਦੇ ਪੱਕਣ ਦਾ ਸਮਾਂ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਆਇਆ। ਭਾਵੇਂ ਅਤਿ ਲੋੜ ਸਮੇਂ, ਤਲਵਾਰ ਦੀ ਵਰਤੋਂ ਕਰਨੀ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਦੱਸੀ ਸੀ, ਪਰ ਜਿਸ ਲੋਹੇ ਦੀ ਇਹ ਤਲਵਾਰ ਬਣੀ ਸੀ, ਉਹ ਗੁਰੂ ਨਾਨਕ ਸਾਹਿਬ ਜੀ ਨੇ ਢਾਲਿਆ ਸੀ।

ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਸਮੇਂ ਦੇ ਲੋਧੀ ਬਾਦਸ਼ਾਹ ਤੇ ਬਾਬਰ ਦੇ ਹੱਲੇ ਦੀ ਬੜੇ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਸੀ। ਉਹਨਾਂ ਨੂੰ '**ਸ਼ੀਂਹ**' ਤੇ '**ਕੁੱਤੇ**' ਕਿਹਾ ਸੀ (**ਰਾਜੇ ਸੀਂਹ ਮੁਕਦਮ ਕੁੱਤੇ**) ਤੇ ਬਾਬਰ ਦੀ ਫੌਜ ਨੂੰ '**ਪਾਪ ਕੀ ਜੰਞ**' ਤੇ ਬਾਬਰ ਨੂੰ '**ਜੱਮ**' ਤੱਕ ਕਹਿ ਦਿੱਤਾ ਸੀ। ਏਡੀ ਦਲੇਰੀ ਨਾਲ ਸਮਕਾਲੀ ਬਾਦਸ਼ਾਹ ਵਿਰੁੱਧ ਆਵਾਜ਼ ਉਠਾਉਣੀ ਕੋਈ ਮਾਮੂਲੀ ਗੱਲ ਨਹੀਂ ਸੀ। ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਦੀਆਂ ਕਈ ਧਾਰਮਿਕ ਤੇ ਸਮਾਜਿਕ ਰਸਮਾਂ ਵਿਰੁੱਧ ਵੀ ਜ਼ੋਰਦਾਰ ਆਵਾਜ਼ ਉਠਾਈ ਸੀ।

ਗੁਰੂ ਅਮਰਦਾਸ ਜੀ ਨੇ ਆਪਣੇ ਸਮੇਂ ਨਵਾਂ ਸਮਾਜ ਸਿਰਜਨ ਲਈ ਨਵੀਆਂ ਕਦਰਾਂ-ਕੀਮਤਾਂ ਸਥਾਪਿਤ ਕੀਤੀਆਂ। ਗੁਰੂ ਅਰਜਨ ਸਾਹਿਬ ਨੇ ਸ਼ਾਹੀ ਵਿਰੋਧ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਆਪਣੇ ਮਿਸ਼ਨ ਨੂੰ ਅੱਗੇ ਵਧਾਇਆ। ਭਾਵੇਂ ਉਹਨਾਂ ਨੂੰ ਇਸ ਦੀ ਕੀਮਤ ਚੁਕਾਉਣ ਲਈ ਆਪਣੀ ਜਾਨ ਦੀ ਬਾਜ਼ੀ ਲਾਉਣੀ ਪਈ। ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਨੇ ਤਾਂ ਸਿੱਧੇ ਹੋ ਕੇ ਜ਼ੁਲਮ ਨਾਲ ਲੋਹਾ ਲਿਆ ਤੇ ਵਕਤ ਦੀ ਹਕੂਮਤ ਵਿਰੁੱਧ ਚਾਰ ਲੜਾਈਆਂ ਲੜ ਕੇ ਜਿੱਤਾਂ ਪ੍ਰਾਪਤ ਕੀਤੀਆਂ। ਗੁਰੂ ਤੇਗ ਬਹਾਦਰ ਸਾਹਿਬ ਨੇ ਆਪ ਤਿਲਕ ਜੰਞੂ ਦੀ ਰੱਖਿਆ ਕਰਦਿਆਂ ਹੋਇਆਂ ਆਪਣੇ ਸਿਰ-ਧੜ ਦੀ ਬਾਜ਼ੀ ਲਗਾ ਦਿੱਤੀ ਸੀ। ਇਹ ਸਾਰੀਆਂ ਗੱਲਾਂ ਦੱਸਦੀਆਂ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਜ਼ੁਲਮ ਦੇ ਵਿਰੁੱਧ ਆਖਰੀ ਹਥਿਆਰ ਦੇ ਤੌਰ ਤੇ ਤਲਵਾਰ ਦਾ ਪ੍ਰਯੋਗ ਕਰਨਾ ਕਿਸੇ

ਤਰ੍ਹਾਂ ਵੀ ਸਿੱਖ ਧਰਮ ਦੇ ਅਸੂਲਾਂ ਦੇ ਵਿਰੁੱਧ ਨਹੀਂ ਸੀ। ਪਰ ਅੱਜ ਖੁਦ ਸਿੱਖ ਹੀ ਇਸ ਦੁਬਿਧਾ ਵਿਚ ਫਸੇ ਹੋਏ ਹਨ ਕਿ ਸਾਡਾ ਧਰਮ ਪ੍ਰਤੀ ਰਵੱਈਆ ਕੀ ਹੋਣਾ ਚਾਹੀਦਾ ਹੈ ? ਕੀ ਖਾਲਸਾ ਆਪਣੇ ਜਨਮ-ਦਿਵਸ ਤੇ ਇਸ ਦੀ ਪੜਚੋਲ ਕਰੇਗਾ ?

ਜਿੱਥੇ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਜ਼ੁਲਮ ਦਾ ਟਾਕਰਾ ਹਥਿਆਰ- ਬੰਦ ਹੋ ਕੇ ਕਰਨ ਦੀ ਪ੍ਰੇਰਨਾ ਦਿੱਤੀ ਉੱਥੇ ਉਹਨਾਂ ਇਹ ਵੀ ਦੱਸਿਆ ਕਿ ਭਲਾ ਵਿਅਕਤੀ ਉਹ ਹੈ ਜੋ ਮਨ ਵਿਚ ਯੁੱਧ ਦੀ ਇੱਛਾ ਰੱਖਦਾ ਹੋਇਆ ਵੀ ਮੂੰਹ 'ਚੋਂ ਅਕਾਲ ਪੁਰਖ ਦਾ ਨਾਂ ਧਿਆਉਂਦਾ ਹੈ।

ਆਓ ! ਅਸੀਂ ਵਿਸ਼ਲੇਸ਼ਣ ਕਰਕੇ ਵੇਖੀਏ ਕਿ ਅਸੀਂ ਇਸ ਸਿਧਾਂਤ ਨੂੰ ਕਿੰਨੇ ਕੁ ਆਪਣੇ ਜੀਵਨ ਦੇ ਟੀਚੇ ਦਾ ਆਧਾਰ ਬਣਾਇਆ ਹੈ। ਜ਼ਰਾ ਜਿੰਨੀ ਕੋਈ ਗੱਲ ਸਾਡੀ ਮਰਜ਼ੀ ਦੇ ਵਿਰੁੱਧ ਹੋ ਜਾਏ, ਕੋਈ ਘਟਨਾ ਸਾਡੀ ਸੋਚ ਦੇ ਵਿਪਰੀਤ ਘਟ ਜਾਏ, ਅਸੀਂ ਉਸੇ ਵੇਲੇ ਆਪਣਾ ਸੰਤੁਲਨ ਗੁਆ ਬੈਠਦੇ ਹਾਂ। ਅਕਾਲ ਪੁਰਖ ਦਾ ਨਾਂ ਲੈਣਾ ਤਾਂ ਇਕ ਪਾਸੇ ਰਿਹਾ, ਅਸੀਂ ਤਾਂ ਅਕਾਲ- ਪੁਰਖ ਦੇ ਵਿਰੁੱਧ ਬੋਲਣ ਤੋਂ ਵੀ ਸੰਕੋਚ ਨਹੀਂ ਕਰਦੇ। ਅਸੀਂ ਚਾਹੁੰਦੇ ਹਾਂ ਹਰ ਘਟਨਾ ਸਾਡੀ ਮਰਜ਼ੀ ਅਨੁਸਾਰ ਘਟੇ, ਭਾਵੇਂ ਉਹ ਕੁਦਰਤ ਦੇ ਨਿਯਮਾਂ ਦੇ ਪ੍ਰਤੀਕੂਲ ਹੀ ਕਿਉਂ ਨਾ ਹੋਵੇ। ਅਜਿਹੀ ਸਥਿਤੀ ਵਿਚ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਰਾਹ ਤੇ ਕਿਵੇਂ ਤੁਰ ਸਕਦੇ ਹਾਂ। ਜਦੋਂ ਅਸੀਂ ਸਹੀ ਰਸਤਾ ਛੱਡ ਕੇ ਔਝੜੇ ਪੈ ਜਾਈਏ ਤਾਂ ਭੰਬਲ ਭੂਸੇ ਖਾ ਕੇ ਭਟਕਾਂਗੇ ਹੀ। ਅੱਜ ਅਸੀਂ ਰਾਹੋਂ ਭਟਕੇ ਹੋਏ ਹਾਂ ਤੇ ਆਪਣਾ ਮੂਲ ਪਛਾਣਨ ਦੀ ਕੋਸ਼ਿਸ਼ ਨਹੀਂ ਕਰ ਰਹੇ। ਗੁਰੂ ਹੀ ਰਾਖਾ ਹੈ ਸਾਡਾ।

ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਤਾੜਨਾ ਕੀਤੀ ਸੀ ਕਿ ਜੇ ਉਹਨਾਂ ਨੇ **'ਨਾਮ'** ਦੀ ਮਹਿਮਾ ਨੂੰ ਨਾ ਸਮਝਿਆ ਤੇ ਆਪਣੇ ਜੀਵਨ ਨੂੰ ਠੀਕ ਸੇਧ ਨਾ ਦਿੱਤੀ ਤਾਂ ਵੱਧ ਤੋਂ ਵੱਧ ਫ਼ੌਜੀ ਸ਼ਕਤੀ ਵੀ ਉਹਨਾਂ ਦੀ ਰਾਖੀ ਨਹੀਂ ਕਰ ਸਕੇਗੀ। ਉਹਨਾਂ ਨੇ ਆਪਣੇ ਸਿੰਘਾਂ ਨੂੰ ਇਹ ਹੁਕਮ ਦਿੱਤਾ ਕਿ ਉਹ ਅੰਮ੍ਰਿਤ ਵੇਲੇ ਉੱਠਣ, ਬਾਣੀ ਪੜ੍ਹਨ ਤੇ ਆਪਣੇ ਕਾਰ-ਵਿਹਾਰ ਕਰਦੇ ਹੋਏ ਵੀ ਆਪਣਾ ਚਿੱਤ ਵਾਹਿਗੁਰੂ ਨਾਲ ਜੋੜੀ ਰੱਖਣ, ਨੇਕ ਕਮਾਈ ਕਰਨ, ਆਪਣੇ ਫ਼ਰਜ਼ਾਂ ਦੀ ਪਹਿਚਾਣ ਕਰਨ ਤੇ ਅਕਾਲ ਪੁਰਖ ਤੇ ਭਰੋਸਾ ਰੱਖਣ, ਵਾਧੂ ਤੇ ਫ਼ਜ਼ੂਲ ਕਰਮ-ਕਾਂਡਾਂ ਤੋਂ ਬਚਣ ਅਤੇ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ। ਪਰ ਆਓ ! ਦਿਲਾਂ ਅੰਦਰ ਝਾਤੀ ਮਾਰ ਕੇ ਵੇਖੀਏ ਕਿ ਕੀ ਸੱਚਮੁੱਚ ਅਸੀਂ ਗੁਰੂ ਸਾਹਿਬ ਦੇ ਦੱਸੇ ਅਨੁਸਾਰ ਜੀਵਨ ਬਤੀਤ ਕਰ ਰਹੇ ਹਾਂ ?

ਆਪਣੇ ਕਾਰ-ਵਿਹਾਰ ਵਿਚ ਅਸੀਂ ਕਿਤਨੇ ਈਮਾਨਦਾਰ ਹਾਂ ? ਪੂਰਾ ਮਿਣਦੇ ਤੇ ਪੂਰਾ ਤੋਲਦੇ ਹਾਂ ? ਮਿਲਾਵਟ ਤਾਂ ਨਹੀਂ ਕਰਦੇ ? ਆਪਣੀ ਡਿਊਟੀ ਸਮੇਂ ਸਿਰ ਨਿਭਾਉਂਦੇ ਹਾਂ ? ਬਿਨਾਂ ਵੱਢੀ ਲਏ ਕਿਸੇ ਦਾ ਕੰਮ ਆਪਣਾ ਫ਼ਰਜ਼ ਸਮਝ ਕੇ ਕਰਦੇ ਹਾਂ ਕਿ ਨਹੀਂ ? ਝੂਠ ਬੋਲ ਕੇ, ਝੂਠੀ ਗਵਾਹੀ ਦੇ ਕੇ ਆਪਣੇ ਸਿੱਖੀ ਸਰੂਪ ਨੂੰ ਲਾਜ ਤਾਂ ਨਹੀਂ ਲਗਾ ਰਹੇ ? ਕੋਈ ਸਮਾਂ ਸੀ ਸਿੱਖ ਦੀ ਗਵਾਹੀ ਨੂੰ ਪ੍ਰਮਾਣਿਤ ਮੰਨਿਆ ਜਾਂਦਾ ਸੀ। ਸਾਡਾ ਆਚਾਰ ਤੇ ਕਿਰਦਾਰ ਕਿੱਥੋਂ ਤੱਕ ਡਿੱਗ ਪਿਆ ਹੈ ਇਸ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਹੈ ਅੱਜ। ਗੁਰੂ ਗੋਬਿੰਦ ਸਿੰਘ ਜੀ ਦਾ ਭਗਤੀ ਦੇ ਨਾਲ-ਨਾਲ ਸ਼ਕਤੀ ਦੇਣ ਦਾ ਮਤਲਬ ਹੋਰਨਾਂ ਉੱਤੇ ਜ਼ੁਲਮ ਜਾਂ ਅੱਤਿਆਚਾਰ ਕਰਨਾ ਨਹੀਂ ਸੀ, ਸਗੋਂ ਇਸਦਾ ਮਨੋਰਥ ਤਾਂ ਨਿਮਾਣਿਆਂ ਦੀ ਰੱਖਿਆ ਕਰਨਾ ਤੇ ਜ਼ਾਲਮਾਂ ਨੂੰ ਦੰਡ ਦੇਣਾ ਸੀ। ਗੁਰੂ ਸਾਹਿਬ ਨੂੰ ਹੋਰ

ਆਸਰਿਆਂ ਦੀ ਬਜਾਏ ਕੇਵਲ ਅਕਾਲ ਪੁਰਖ ਉੱਤੇ ਹੀ ਭਰੋਸਾ ਸੀ। ਉਹਨਾਂ ਨੇ ਔਰੰਗਜ਼ੇਬ ਨੂੰ ਲਿਖੇ **'ਜ਼ਫਰਨਾਮੇ'** ਵਿਚ ਲਿਖਿਆ ਸੀ, **"ਜੇ ਤੈਨੂੰ ਆਪਣੇ ਮਾਲ-ਦੌਲਤ ਉੱਤੇ ਮਾਣ ਹੈ ਤਾਂ ਸਾਨੂੰ ਅਕਾਲ ਪੁਰਖ ਦੀ ਕਿਰਪਾ ਤੇ ਵਿਸ਼ਵਾਸ ਹੈ।"**

ਪਰ ਅਸੀਂ ਗੁਰੂ ਦੀ ਕਿਰਪਾ ਤੇ ਵਿਸ਼ਵਾਸ ਰੱਖਣ ਦੀ ਬਜਾਏ ਆਪਣੀ ਸਿਆਣਪ, ਆਪਣੇ ਸਾਧਨਾਂ ਤੇ ਕਬਰਾਂ, ਪੀਰਾਂ, ਦੀਵਿਆਂ, ਜੋਤਸ਼ੀਆਂ ਵਰਤਾਂ, ਦੇਹਧਾਰੀ ਗੁਰੂਆਂ ਉੱਤੇ ਭਰੋਸਾ ਰੱਖਣ ਲੱਗ ਪਏ ਹਾਂ। ਨਤੀਜਾ ਸਾਫ ਸਾਹਮਣੇ ਹੈ, ਕੌਮ ਅੱਡ-ਅੱਡ ਵਰਗਾਂ ਵਿਚ ਵੰਡੀ ਗਈ ਹੈ ਅਤੇ ਵਿਅਕਤੀਆਂ ਦੇ ਨਾਵਾਂ ਉੱਤੇ ਜਥੇਬੰਦੀਆਂ ਬਣ ਗਈਆਂ ਹਨ। ਗੁਰੂ ਸਾਹਿਬ ਨੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਨਸ਼ਿਆਂ ਦੀ ਵਰਤੋਂ ਕਰਨ ਤੋਂ ਵਰਜਿਆ ਸੀ। ਅੱਜ ਜੇ ਸਰਵੇਖਣ ਕਰਾ ਕੇ ਵੇਖਿਆ ਜਾਏ ਤਾਂ ਪਤਾ ਲੱਗੇਗਾ ਕਿ ਹੋਰ ਕੌਮਾਂ ਦੇ ਟਾਕਰੇ ਸਾਡੇ ਭਰਾ ਵੀ ਨਸ਼ਿਆਂ ਦਾ ਸੇਵਨ ਕਰਨ ਵਿਚ ਪਿੱਛੇ ਨਹੀਂ।

ਨਸ਼ਿਆਂ ਦੇ ਸੇਵਨ ਨਾਲ ਸਿਹਤ, ਸੰਪਤੀ, ਸਮਾਂ ਤੇ ਸਭ ਤੋਂ ਵੱਧ ਸੁੱਚ- ਆਚਾਰ ਨਸ਼ਟ ਹੋ ਰਿਹਾ ਹੈ। ਇਸ ਪਾਸੇ ਉਚੇਚਾ ਧਿਆਨ ਦੇਣ ਦੀ ਲੋੜ ਹੈ। ਨਸ਼ੇ ਹਰ ਪੱਖੋਂ ਹਾਨੀਕਾਰਕ ਹਨ। ਜਦੋਂ ਕੋਈ ਦਾਹੜੀ, ਕੇਸਾਂ, ਦਸਤਾਰ ਵਾਲਾ ਸਰਦਾਰ ਨਸ਼ੇ ਵਿਚ ਧੁੱਤ ਸੜਕ ਦੇ ਕਿਨਾਰੇ ਜਾਂ ਨਾਲੀ ਵਿਚ ਡਿੱਗਾ ਦਿਸਦਾ ਹੈ ਤਾਂ ਆਪ-ਮੁਹਾਰੇ ਦਿਲ ਵਿਚੋਂ ਹੂਕ ਨਿਕਲ ਜਾਂਦੀ ਹੈ। ਜਿਸ ਕੌਮ ਨੂੰ ਨਮੂਨੇ ਦੀ ਸਾਜਿਆ ਗਿਆ ਸੀ, ਉਹ ਅੱਜ ਟੀਕਾ-ਟਿੱਪਣੀ ਦਾ ਵਿਸ਼ਾ ਬਣੀ ਹੋਈ ਹੈ। ਸਤਿਗੁਰੂ ਕਿਰਪਾ ਕਰਨ, ਆਪਣੀ ਉੱਮਤ ਦੀ ਵਰ੍ਹੇ- ਗੰਢ ਦੇ ਅਵਸਰ ਤੇ ਕੌਮ ਨੂੰ ਸੁਮਤਿ ਬਖਸ਼ਣ।

ਇੰਦੂ ਭੂਸ਼ਨ ਬੈਨਰਜੀ ਦੇ ਸ਼ਬਦਾਂ ਵਿਚ—

**"ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਕਰੜੀ ਤਾੜਨਾ ਕੀਤੀ ਸੀ ਕਿ ਜੇ ਉਹਨਾਂ ਵਿਚ ਬੁਨਿਆਦੀ ਸੱਭਿਆਚਾਰਕ ਤੇ ਭਗਤੀ ਦਾ ਅਭਾਵ ਹੋ ਗਿਆ ਤਾਂ ਉਹਨਾਂ ਦੀ ਰਾਜਸੀ ਜਾਂ ਫੌਜੀ ਸ਼ਕਤੀ ਵੀ ਵਿਅਰਥ ਜਾਏਗੀ।"** ਸੋ, ਅੱਜ ਖ਼ਾਲਸਾ ਜੀ ਨੂੰ ਆਪਣੀ ਵਰ੍ਹੇ-ਗੰਢ ਦੇ ਅਵਸਰ ਤੇ ਲੇਖਾ-ਜੋਖਾ ਕਰਨਾ ਪਵੇਗਾ ਕਿ ਅਸੀਂ ਪਿਛਲੇ ਸਾਲਾਂ ਵਿਚ ਕੀ ਗਵਾਇਆ ਤੇ ਕੀ ਖੱਟਿਆ ਹੈ ? ਅਸੀਂ ਆਪਣੇ ਜਨਮ-ਦਿਵਸ ਦੀ ਤੀਸਰੀ ਸ਼ਤਾਬਦੀ ਦੇ ਮੌਕੇ ਤੇ ਸਮੁੱਚੀ ਸਿੱਖ ਕੌਮ ਨੂੰ ਅੰਮ੍ਰਿਤਧਾਰੀ ਵੇਖਣ ਦਾ ਟੀਚਾ ਮਿਥਿਆ ਹੋਇਆ ਸੀ। ਤੀਸਰੀ ਸ਼ਤਾਬਦੀ ਅਸੀਂ ਮਨਾ ਚੁੱਕੇ ਹਾਂ। ਅੱਜ ਸਾਨੂੰ ਹਿਸਾਬ-ਕਿਤਾਬ ਕਰਕੇ ਵੇਖਣਾ ਪਵੇਗਾ ਕਿ ਇਸ ਟੀਚੇ ਦੀ ਪ੍ਰਾਪਤੀ ਕਿੰਨੀ ਕੁ ਹੋਈ ਹੈ। ਅਸੀਂ ਆਪਣੇ ਮਿੱਥੇ ਟੀਚੇ ਨੂੰ ਕਿਉਂ ਪ੍ਰਾਪਤ ਨਹੀਂ ਕਰ ਸਕੇ, ਇਸ ਬਾਰੇ ਬਹੁਤ ਹੀ ਡੂੰਘੀ ਵਿਚਾਰ ਨਾਲ ਦੇਖਣ ਦੀ ਜ਼ਰੂਰਤ ਹੈ।

*****

## ਖਾਲਸੇ ਦਾ ਨਿਆਰਾਪਨ, 'ਸਿੱਖੀ ਦੇ ਪੰਜ ਕਕਾਰ'

ਸਿੱਖੀ ਦੇ ਪੰਜ ਕਕਾਰ ਖਾਲਸਾ ਪੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਦੇਣ ਹੈ। ਅੱਜ ਜੇਕਰ ਨੌਜਵਾਨ ਇਨ੍ਹਾਂ ਕਕਾਰਾਂ ਨੂੰ ਧਾਰਨ ਕਰਨ ਵਾਸਤੇ ਤਿਆਰ ਨਹੀਂ ਹੋ ਰਹੇ ਤਾਂ ਇਸ ਵਿਚ ਕਮਜ਼ੋਰੀ ਸਾਡੀ ਹੈ ਕਿ ਅਸੀਂ ਉਨ੍ਹਾਂ ਨੂੰ ਇਨ੍ਹਾਂ ਕਕਾਰਾਂ ਦੀ ਮਹੱਤਤਾ ਬਾਰੇ ਦੱਸ ਨਹੀਂ ਸਕੇ। ਇਸੇ ਲਈ ਨੌਜਵਾਨ ਆਮ ਸਵਾਲ ਕਰਦੇ ਹਨ ਕਿ ਧਰਮ ਵਿਚ

ਰਹਿਤ ਦੀ ਕੀ ਲੋੜ ਹੈ ? ਕਕਾਰ ਕਿਉਂ ਧਾਰਨ ਕੀਤੇ ਜਾਣ ? ਅੰਮ੍ਰਿਤ ਛਕਣ ਦੀ ਕੀ ਜ਼ਰੂਰਤ ਹੈ ? ਬਹੁਤ ਸਾਰੇ ਸਿੱਖ ਵੀ ਅਜਿਹੇ ਹਨ ਜੋ ਕੇਸਾਧਾਰੀ ਹਨ, ਗੁਰਦੁਆਰੇ ਵੀ ਜਾਂਦੇ ਹਨ, ਕੀਰਤਨ-ਕਥਾ ਵੀ ਸਰਵਨ ਕਰਦੇ ਹਨ, ਪਰੰਤੂ ਜਦੋਂ ਉਨ੍ਹਾਂ ਨੂੰ ਅੰਮ੍ਰਿਤ ਛਕਣ ਦੀ ਬੇਨਤੀ ਕੀਤੀ ਜਾਏ ਤਾਂ ਉਹ ਅੰਮ੍ਰਿਤ ਨੂੰ ਇਕ ਔਖੀ ਘਾਟੀ ਦੱਸ ਕੇ ਅੰਮ੍ਰਿਤ ਛਕਣ ਤੋਂ ਇਨਕਾਰੀ ਹੋ ਜਾਂਦੇ ਹਨ। ਕਈ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਸਿੱਖੀ ਤਾਂ ਮਨ ਦੀ ਚਾਹੀਦੀ ਹੈ ਤਨ ਦੀ ਨਹੀਂ। ਕਈ ਸਿੱਖ ਅਜਿਹੇ ਵੀ ਮਿਲਦੇ ਹਨ ਜੋ ਕੇਸ, ਕੰਘਾ, ਕੜਾ ਤੇ ਕਛਹਿਰੇ ਦੇ ਧਾਰਨੀ ਹੁੰਦੇ ਹਨ ਪਰ ਅੰਮ੍ਰਿਤ ਇਸ ਕਰਕੇ ਨਹੀਂ ਛਕਦੇ ਕਿ ਅੰਮ੍ਰਿਤ ਛਕ ਕੇ ਗਾਤਰੇ ਕਿਰਪਾਨ ਧਾਰਨ ਕਰਨੀ ਪਵੇਗੀ। ਇਹ ਸਭ ਕੁਝ ਇਸ ਲਈ ਹੈ ਕਿ ਸਾਨੂੰ ਪੰਜ ਕਕਾਰਾਂ ਦੀ ਮਹੱਤਤਾ ਦਾ ਪਤਾ ਨਹੀਂ। ਜੇ ਸਾਨੂੰ ਗੁਰੂ ਸਾਹਿਬ ਦੇ ਬਖਸ਼ੇ ਹੋਏ ਨਿਆਰੇ ਸਰੂਪ ਦੀ ਅਹਿਮੀਅਤ ਦਾ ਪਤਾ ਲੱਗ ਜਾਵੇ ਤਾਂ ਕਕਾਰਾਂ ਬਾਰੇ ਸਾਡੇ ਮਨਾਂ ਵਿਚ ਸ਼ੰਕੇ ਉਤਪੰਨ ਨਹੀਂ ਹੋ ਸਕਦੇ।

**੧. ਕੇਸ :** ਅੱਜ ਕੁਝ ਭੁੱਲੜ ਵੀਰ, ਜਿਨ੍ਹਾਂ ਨੂੰ ਸਿੱਖ ਇਤਿਹਾਸ ਬਾਰੇ ਬਜ਼ੁਰਗਾਂ ਨੇ ਵਾਕਫੀਅਤ ਨਹੀਂ ਦਿੱਤੀ, ਉਹ ਦਾਹੜੀ ਕੇਸਾਂ ਬਾਰੇ ਵੀ ਕਈ ਤਰ੍ਹਾਂ ਦੇ ਬੇਲੋੜੇ ਸਵਾਲ ਕਰਦੇ ਹਨ। ਕਈ ਨੌਜਵਾਨ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਦਾਹੜੀ, ਕੇਸ ਰੱਖਣ ਦਾ ਕੀ ਫਾਇਦਾ, ਸਿੱਖੀ ਤਾਂ ਮਨ ਦੀ ਚਾਹੀਦੀ ਹੈ, ਤਨ ਦੀ ਨਹੀਂ। ਅਜਿਹੇ ਨੌਜਵਾਨਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ **'ਤਨ ਦੀ ਸਿੱਖੀ'**, **'ਮਨ ਦੀ ਸਿੱਖੀ'** ਨਿਭਾਉਣ ਨਾਲੋਂ ਕਿਤੇ ਸੌਖੀ ਹੈ। ਜੇ ਅਸੀਂ ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਪੰਜ ਕਕਾਰ ਵੀ ਧਾਰਨ ਨਹੀਂ ਕਰ ਸਕਦੇ ਤਾਂ ਫਿਰ ਇਹ ਕਿਵੇਂ ਆਸ ਕੀਤੀ ਜਾ ਸਕਦੀ ਹੈ ਕਿ ਮਨ ਦੀ ਸਿੱਖੀ, ਜਿਸ ਵਿਚ ਅੰਮ੍ਰਿਤ ਵੇਲੇ ਉੱਠਣਾ, ਇਸ਼ਨਾਨ ਕਰਨਾ, ਬਾਣੀ ਪੜ੍ਹਨੀ, ਸਿਮਰਨ ਕਰਨਾ, ਗੁਰਦੁਆਰੇ ਜਾ ਕੇ ਸੰਗਤ ਵਿਚ ਕਥਾ, ਕੀਰਤਨ ਸਰਵਨ ਕਰਨਾ, ਸੱਚ ਬੋਲਣਾ, ਸੱਚ ਵੇਖਣਾ, ਸੱਚ ਸੁਣਨਾ, ਧਰਮ ਦੀ ਕਿਰਤ ਕਰਨੀ, ਕਾਮ ਕ੍ਰੋਧ ਲੋਭ ਮੋਹ ਹੰਕਾਰ ਆਦਿ ਵਿਕਾਰਾਂ ਤੇ ਕਾਬੂ ਪਾ ਕੇ ਸਭ ਅੰਦਰ ਇਕ ਅਕਾਲ ਪੁਰਖ ਦੀ ਜੋਤ ਨੂੰ ਸਰਵ ਵਿਆਪਕ ਵੇਖਣਾ, ਸ਼ਾਮਲ ਹੈ, ਵਿਚ ਕਿਵੇਂ ਪਰਪੱਕ ਰਹਿ ਸਕਦੇ ਹਾਂ। ਜਿਸ ਤਰ੍ਹਾਂ ਇਕ ਖੇਤ ਅੰਦਰ ਜਿੱਥੇ ਬੀਜ ਪਾਉਣਾ ਨਹਾਇਤ ਜ਼ਰੂਰੀ ਹੈ, ਉੱਥੇ ਫਸਲ ਦੀ ਰਾਖੀ ਲਈ ਵਾੜ ਲਾਉਣਾ ਕੋਈ ਘੱਟ ਜ਼ਰੂਰੀ ਨਹੀਂ। ਇਸੇ ਤਰ੍ਹਾਂ ਜਿੱਥੇ ਆਪਣੇ ਅੰਦਰ ਖਾਲਸੇ ਵਾਲੇ ਗੁਣ ਪੈਦਾ ਕਰਨੇ ਅਤਿਅੰਤ ਜ਼ਰੂਰੀ ਹਨ, ਉੱਥੇ ਪੰਜ ਕਕਾਰ ਜੋ ਸਿੱਖੀ ਗੁਣਾਂ ਦੀ ਵਾੜ-ਰੂਪ ਹਨ, ਧਾਰਨ ਕਰਨੇ ਅਤੀ ਜ਼ਰੂਰੀ ਹਨ। ਜੇ ਅੱਜ ਸਿੱਖ ਧਰਮ ਦੀ ਵਿਲੱਖਣਤਾ ਹੈ ਤਾਂ ਕੇਵਲ ਇਸੇ ਕਰਕੇ ਕਿ ਕਲਗੀਧਰ ਪਿਤਾ ਨੇ ਸਾਨੂੰ ਨਿਆਰਾ ਸਰੂਪ ਬਖਸ਼ਿਆ ਹੈ। ਜੇ ਪੰਜ ਕਕਾਰਾਂ ਵਾਲਾ ਸਾਡਾ ਨਿਆਰਾ ਸਰੂਪ ਕਾਇਮ ਨਾ ਹੁੰਦਾ ਤਾਂ ਸਿੱਖ ਧਰਮ ਵੀ ਹੋਰਨਾਂ ਮਤਾਂ ਵਾਂਗੂੰ ਬ੍ਰਾਹਮਣਵਾਦ ਦੇ ਪੇਟ ਵਿਚ ਬੁਰੀ ਤਰ੍ਹਾਂ ਗਰਕ ਹੋ ਜਾਂਦਾ। ਅੱਜ ਦੁਨੀਆਂ ਦੇ ਹਰ ਕੋਨੇ ਵਿਚ ਜਿੱਥੇ ਵੀ ਸਿੱਖਾਂ ਨੇ ਆਪਣੇ ਇਸ ਨਿਆਰੇ ਸਰੂਪ ਨੂੰ ਸੰਭਾਲ ਕੇ ਰੱਖਿਆ ਹੈ, ਉੱਥੇ ਹੀ ਉਨ੍ਹਾਂ ਦੀ ਹੋਂਦ ਇਕ ਵੱਖਰੀ ਕੌਮ ਦੇ ਸਥਾਈ ਰੂਪ ਵਿਚ ਪ੍ਰਗਟ ਹੋਈ ਹੈ।

ਕੇਸ, ਦਾੜ੍ਹੀ ਅਤੇ ਸਿਰ ਦੀ ਦਸਤਾਰ ਸਿੱਖ ਦੇ ਪਾਸ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਦੀ ਮੋਹਰ ਹੈ। ਜਿਸ ਤਰ੍ਹਾਂ ਹਰ ਫੌਜੀ ਕਰਮਚਾਰੀ ਪਾਸ ਸ਼ਨਾਖਤੀ ਕਾਰਡ (Identity Card) ਹੁੰਦਾ ਹੈ, ਜਿਸ ਤਰ੍ਹਾਂ ਕਿਸੇ ਵਿਸ਼ੇਸ਼ ਸੰਸਥਾ ਦੇ ਮੈਂਬਰ ਪਾਸ ਕੋਈ ਪ੍ਰਗਟ ਨਿਸ਼ਾਨ ਹੁੰਦਾ ਹੈ ਜੋ ਉਸ ਨੂੰ ਉਸ ਵਿਸ਼ੇਸ਼ ਵਿਚਾਰਧਾਰਾ ਦੇ ਮੰਨਣ ਵਾਲਾ ਪ੍ਰਗਟ ਕਰਦਾ ਹੈ; ਇਸੇ ਤਰ੍ਹਾਂ ਦਾੜ੍ਹੀ, ਕੇਸ ਅਤੇ ਸਿਰ ਉੱਪਰ ਦਸਤਾਰ, ਗੁਰੂ ਗੋਬਿੰਦ ਸਿੰਘ ਜੀ ਦਾ ਬਖਸ਼ਿਆ ਹੋਇਆ ਖਾਸ ਰੂਪ ਹੈ

ਤੇ ਇਹ ਨਿਆਰਾ ਰੂਪ ਪ੍ਰਗਟ ਕਰਦਾ ਹੈ ਕਿ ਖਾਲਸੇ ਦੀ ਵਿਚਾਰਧਾਰਾ ਵੀ ਬਿਲਕੁਲ ਨਿਆਰੀ ਅਤੇ ਵਿਲੱਖਣ ਹੈ। ਜਿਵੇਂ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰਾਂ ਦਾ ਸਤਿਕਾਰ ਕਰਦੇ ਹਾਂ, ਇਹ ਗੁਰੂ ਜੀ ਦੇ ਪਾਵਨ ਸ਼ਸਤਰ ਹਨ, ਇਸੇ ਤਰ੍ਹਾਂ ਦਾੜ੍ਹੀ, ਕੇਸਾਂ ਤੇ ਦਸਤਾਰ ਵਾਲਾ ਰੂਪ ਵੀ ਸਾਡੇ ਪਾਸੋਂ ਉਸੇ ਸਤਿਕਾਰ ਦੀ ਮੰਗ ਕਰਦਾ ਹੈ।

ਕਈ ਗੁਰਮਤਿ ਤੋਂ ਅਣਜਾਣ ਵੀਰ ਇਹ ਕਹਿ ਦਿਆ ਕਰਦੇ ਹਨ ਕਿ ਜੇ ਕਦੀ ਸਿੱਖ ਵਾਸਤੇ ਕੇਸ, ਦਾੜ੍ਹੀ, ਸਾਬਤ ਸੂਰਤ ਦੀ ਬੰਦਸ਼ ਨਾ ਹੋਵੇ ਤਾਂ ਸਾਰੇ ਹੀ ਸਿੱਖ ਬਣ ਜਾਣ। ਅਜਿਹੀ ਸੋਚਣੀ ਬੜੀ ਬੇਸਮਝੀ ਵਾਲੀ ਤੇ ਹਾਸੋਹੀਣੀ ਹੈ। ਜੇਕਰ ਅਸੀਂ ਦਾੜ੍ਹੀ ਕੇਸਾਂ ਵਾਲਾ ਆਪਣਾ ਵਿਲੱਖਣ ਸਰੂਪ ਹੀ ਖਤਮ ਕਰ ਲਿਆ ਤਾਂ ਫਿਰ ਸਿੱਖ ਕਿਸ ਚੀਜ਼ ਨੂੰ ਸਮਝਿਆ ਜਾ ਸਕੇਗਾ। ਹੋਰਨਾਂ ਲੋਕਾਂ ਨਾਲੋਂ ਸਾਡੀ ਅੱਡਰੀ ਪਛਾਣ ਕਿਵੇਂ ਹੋ ਸਕੇਗੀ ? ਯਾਦ ਰੱਖਣਾ ਚਾਹੀਦਾ ਹੈ ਕਿ ਜਿਸ ਦਿਨ ਅਸੀਂ ਆਪਣਾ ਸਿੱਖੀ ਸਰੂਪ ਗੁਆ ਬੈਠੇ ਉਸੇ ਵਕਤ ਸਾਡੀ ਸਰਦਾਰੀ ਖਤਮ ਹੋ ਜਾਵੇਗੀ। ਪੁਰਾਤਨ ਗੁਰਸਿੱਖਾਂ ਦੀਆਂ ਸਾਰੀਆਂ ਪਾਵਨ ਸ਼ਹੀਦੀਆਂ ਕੇਵਲ ਇਸੇ ਕਰਕੇ ਹੋਈਆਂ ਸਨ ਕਿ ਸਾਡਾ ਵੱਖਰਾ ਸਰੂਪ ਕਾਇਮ ਰਹਿ ਸਕੇ। ਜੇਕਰ ਖਾਲਸਾ ਪੰਥ ਦੀ ਜਥੇਬੰਦੀ ਨੂੰ ਹੁਣ ਤੱਕ ਬਚਾਈ ਰੱਖਿਆ ਹੈ ਤੇ ਬਚਾਈ ਆਉਂਦੇ ਹਨ ਤਾਂ ਇਹ ਗੁਰਸਿੱਖ ਦੇ ਅੱਡਰੇ ਸਰੂਪ ਵਾਲੇ ਦਾੜ੍ਹੀ, ਕੇਸ ਹੀ ਹਨ।

ਗੁਰੂ ਸਾਹਿਬ ਜੀ ਨੇ ਕੇਸ ਰੱਖਣ ਦੇ ਅਸੂਲ ਨੂੰ ਲਾਜ਼ਮੀ ਕਰਾਰ ਦੇ ਕੇ ਇਕ ਐਸੀ ਕਸਵੱਟੀ ਬਣਾ ਦਿੱਤੀ ਹੈ ਕਿ ਜਦੋਂ ਵੀ ਕਿਧਰੇ ਕੋਈ ਤ੍ਰੇੜ ਪੈਂਦੀ ਨਜ਼ਰ ਆਵੇ, ਕਿਧਰੇ ਵੀ ਕੋਈ ਵੀ ਆਪਣੇ ਸਰੂਪ ਨੂੰ ਵਿਗਾੜਨ ਦੀ ਕੋਸ਼ਿਸ਼ ਕਰੇ ਤਾਂ ਝਟ ਪਤਾ ਲੱਗ ਜਾਂਦਾ ਹੈ ਕਿ ਕਿੱਥੇ ਕਿੰਨੀ ਢਾਅ ਲੱਗ ਚੁੱਕੀ ਹੈ ਤੇ ਜਦੋਂ ਇਹ ਢਾਅ ਲੱਗੀ ਨਜ਼ਰ ਆਵੇ ਉਸੇ ਸਮੇਂ ਖਾਲਸਾ ਪੰਥ ਸਾਵਧਾਨ ਹੋ ਇਸ ਨੂੰ ਰੋਕਣ ਲਈ ਉਪਰਾਲਾ ਕਰੇ।

੨. **ਕੰਘਾ** : ਸਿੱਖ ਦੇ ਕੇਸਾਂ ਵਿਚ ਸਾਂਭਿਆ ਹੋਇਆ ਕੰਘਾ ਹਰ ਵੇਲੇ ਇਹ **ਚਿਤਾਵਨੀ** ਦਿੰਦਾ ਹੈ ਕਿ ਸਿੱਖ ਕਦੀ ਢਿੱਲੜ ਨਹੀਂ ਹੋ ਸਕਦਾ। ਸਿੱਖ ਨੇ ਸਦਾ ਚੁਸਤ ਅਤੇ ਸਾਫ ਸੁਥਰਾ ਰਹਿਣਾ ਹੈ। ਇਸੇ ਲਈ ਰਹਿਤਨਾਮਿਆਂ ਵਿਚ ਸਿੱਖ ਵਾਸਤੇ ਸਵੇਰੇ ਸ਼ਾਮ ਦੋਨੋਂ ਵਕਤ ਕੰਘਾ ਕਰਨ ਦਾ ਹੁਕਮ ਹੈ।

੩. **ਕੜਾ** : ਸਿੱਖ ਦੀ ਬਾਂਹ ਵਿਚ ਪਿਆ ਹੋਇਆ ਕੜਾ ਯਾਦ ਦਿਵਾਉਂਦਾ ਹੈ, ਗੁਰੂ ਗੋਬਿੰਦ ਸਿੰਘ ਜੀ ਦੀ ਉਸ ਵੀਣੀ ਦੀ, ਜਿਸ ਦੁਆਲੇ ਸਾਡੇ ਵਰਗਾ ਲੋਹੇ ਦਾ ਕੜਾ ਸ਼ੋਭਦਾ ਸੀ ਜੋ ਬਾਂਹ ਦੀਨਾਂ ਤੇ ਦੁਖੀਆਂ ਦੀ ਰੱਖਿਆ ਲਈ ਉੱਪਰ ਉੱਠਦੀ ਸੀ। ਜਿਸ ਬਾਂਹ ਅੰਦਰ ਦੁਸ਼ਟਾਂ ਨੂੰ ਜੜ੍ਹੋਂ ਉਖੇੜਨ ਦਾ ਨਿਰਭੈ ਬਲ ਸੀ। '**ਪ੍ਰੋ: ਪੂਰਨ ਸਿੰਘ**' ਦੇ ਸ਼ਬਦਾਂ ਵਿਚ, "**ਕੜਾ ਗੁਰੂ ਵਲੋਂ ਬਖਸ਼ਿਆ ਹੋਇਆ ਮਹਾਨ ਤੋਹਫਾ ਹੈ।**" ਇਹ ਯਾਦ ਕਰਾਉਂਦਾ ਹੈ ਗੁਰੂ ਇਤਿਹਾਸ ਦੇ ਉਸ ਕਾਂਡ ਦੀ ਜਦੋਂ ਸਿੱਖ ਗੁਰਮਤਿ ਅਸੂਲਾਂ ਵਿਚ ਪਰਪੱਕ ਹੋ ਕੇ ਵਹਿਮਾਂ ਭਰਮਾਂ ਅਤੇ ਸ਼ੰਕਿਆਂ ਤੋਂ ਉੱਚੇ ਹੋ ਗਏ ਸਨ। ਜਦੋਂ ਗੁਰਮਤਿ ਦੇ ਇਨ੍ਹਾਂ ਪ੍ਰੇਮੀਆਂ ਨੂੰ ਨਾ ਕੋਈ ਦੇਵੀ ਦੇਵਤਾ ਡਰਾ ਸਕਦਾ ਸੀ ਤੇ ਨਾ ਹੀ ਇਹ ਪ੍ਰੇਮੀ, ਸ਼ਨੀ ਦੇਵਤੇ ਦਾ ਭੈ ਮੰਨਣ ਵਾਸਤੇ ਤਿਆਰ ਸਨ। ਜਦੋਂ ਇਕ ਵੇਦਵੇ ਬ੍ਰਾਹਮਣ ਨੇ ਸਿੱਖਾਂ ਨੂੰ ਕਿਹਾ ਕਿ ਸ਼ਨੀ ਦੇਵਤੇ ਨੂੰ ਪ੍ਰਸੰਨ ਕਰਨ ਲਈ ਦਾਨ ਦਿਉ ਤਾਂ ਸਿੱਖਾਂ ਨੇ ਉਸ ਬ੍ਰਾਹਮਣ ਨੂੰ ਗੁਰਮਤਿ ਦੀ ਸੋਝੀ ਦਿੱਤੀ ਅਤੇ ਕਿਹਾ ਕਿ ਅਸੀਂ ਕਿਸੇ ਦੇਵਤੇ ਨੂੰ ਨਹੀਂ ਮੰਨਦੇ, ਪਰ ਬ੍ਰਾਹਮਣ ਵਾਰ ਵਾਰ ਕਹਿਣ ਤੇ ਵੀ ਨਾ ਟਲਿਆ ਤਾਂ ਸਿੱਖਾਂ ਨੇ ਉਸ ਦਾ ਤੇਲ ਵਾਲਾ

ਬਾਟਾ ਖੋਹ ਲਿਆ ਤੇ ਉਸ ਨੂੰ ਦੱਸ ਦਿੱਤਾ ਕਿ ਜਦੋਂ ਦੀ ਸਾਨੂੰ ਗੁਰਮਤਿ ਸਮਝ ਆਈ ਹੈ ਸਾਡੇ ਸਾਰੇ ਭਾਰੇ ਹੌਲੇ ਦਿਨ ਖਤਮ ਹੋ ਗਏ ਹਨ। ਸਾਡਾ ਭਰਮ ਦਾ ਗੜ੍ਹ ਟੁੱਟ ਗਿਆ ਹੈ। ਗੁਰਸਿੱਖਾਂ ਨੇ ਤੇਲ ਵਿਚ ਵੜੇ ਬਣਾ ਕੇ ਸੰਗਤਾਂ ਨੂੰ ਛਕਾਏ ਅਤੇ ਲੋਹੇ ਦੇ ਬਾਟੇ ਦੇ ਕੜੇ ਬਣਾ ਕੇ ਹੱਥਾਂ ਵਿਚ ਪਹਿਨ ਲਏ। ਜਦੋਂ ਗੁਰੂ ਸਾਹਿਬ ਨੇ ਇਹ ਸਭ ਕੁਝ ਦੇਖਿਆ ਤਾਂ ਬੜੇ ਪ੍ਰਸੰਨ ਹੋਏ ਤੇ ਫੁਰਮਾਇਆ, '**ਤੁਸਾਂ ਵਹਿਮਾਂ ਦੀ ਲੰਮੀ ਦੌੜ ਜਿੱਤ ਲਈ ਹੈ।**' ਸਿੱਖ ਦੇ ਹੱਥ ਵਿਚ ਪਿਆ ਹੋਇਆ ਕੜਾ ਇਸ ਗੱਲ ਦੀ ਪੱਕੀ ਨਿਸ਼ਾਨੀ ਹੈ ਕਿ ਸਿੱਖ ਵਹਿਮੀ ਨਹੀਂ। ਇਹ ਕਿਸੇ ਸਉਣ-ਸ਼ਗਨ ਨੂੰ ਨਹੀਂ ਮੰਨਦਾ। ਸਿੱਖ ਨੇ ਹੱਥ ਵਿਚ ਕੜਾ ਪਾ ਕੇ ਸਾਰੇ ਸ਼ਨੀ ਅਤੇ ਮੰਗਲ ਜਿੱਤ ਲਏ ਹਨ। ਪਰ ਅੱਜ ਅਸੀਂ ਜੇ ਕੜੇ ਦੀ ਮਹਾਨਤਾ ਨੂੰ ਨਾ ਸਮਝਦੇ ਹੋਏ ਕੜਾ ਪਹਿਨ ਕੇ ਵੀ ਸ਼ਨਿੱਚਰ ਦਾ ਭੈਅ ਆਪਣੇ ਅੰਦਰੋਂ ਨਾ ਕੱਢ ਸਕੀਏ ਤੇ ਅਣਗਿਣਤ ਵਹਿਮਾਂ ਭਰਮਾਂ ਦਾ ਸ਼ਿਕਾਰ ਹੋਏ ਰਹੀਏ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਅਜੇ ਸਾਨੂੰ ਗੁਰੂ ਜੀ ਵਲੋਂ ਬਖਸ਼ੇ ਹੋਏ ਕੜੇ ਦੀ ਅਹਿਮੀਅਤ ਸਮਝ ਨਹੀਂ ਆਈ।

੪. **ਕਿਰਪਾਨ** : ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਕਿਰਪਾਨ ਨਿਸ਼ਾਨੀ ਹੈ ਉਸ ਕਿਰਪਾਨ ਦੀ, ਜਿਸ ਬਾਰੇ ਕਲਗੀਧਰ ਪਾਤਸ਼ਾਹ ਨੇ ਸਾਹਿਬਜ਼ਾਦਿਆਂ ਨੂੰ ਪਹਿਨਾਂਦਿਆਂ ਹੋਇਆਂ ਇਹ ਕਿਹਾ ਸੀ, "**ਬੇਟਾ ! ਇਹ ਦੁਸ਼ਟ-ਦਮਨੀ ਹੈ ਧਰਮ ਦੇ ਦੋਖੀਆਂ ਦੀ। ਇਹ ਸੂਚਕ ਹੈ ਮੇਰੇ ਅਕਾਲ ਦੀ ਸ਼ਕਤੀ ਦੀ। ਜਾਓ, ਅਤੇ ਇਸ ਨੂੰ ਵਾਹੋ ਪੂਰੇ ਬਲ ਨਾਲ ਅਤੇ ਇਸ ਨਿਸ਼ਚੇ ਨਾਲ ਕਿ ਅਧਰਮ ਦਾ ਨਾਸ਼ ਹੋਣਾ ਅਵੱਸ਼ ਹੈ ਤੇ ਧਰਮ ਦੀ ਜੈ ਜੈ ਕਾਰ ਹੋਣੀ ਜ਼ਰੂਰੀ ਹੈ।**" ਗਾਤਰੇ ਵਿਚ ਪਾਈ ਹੋਈ ਕਿਰਪਾਨ ਨਿਸ਼ਾਨੀ ਹੈ ਉਸ ਕ੍ਰਾਂਤੀ ਦੀ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਸੱਤ ਸੌ ਸਾਲ ਦੇ ਮੁਰਦਾ ਹੋ ਚੁੱਕੇ ਭਾਰਤ ਅੰਦਰ ਲਿਆਂਦੀ। ਕਿਰਪਾਨਧਾਰੀ ਹੋਣਾ ਸੁਤੰਤਰਤਾ ਦਾ ਚਿੰਨ੍ਹ ਹੈ। ਇਹ ਸਿੱਖ ਦੇ ਸੁਤੰਤਰ ਜੀਵਨ ਦਾ ਪ੍ਰਤੀਕ ਹੈ। ਕਿਰਪਾਨ ਉਸ ਸੁਤੰਤਰਤਾ ਦੀ ਨਿਸ਼ਾਨੀ ਹੈ ਜੋ ਹਰ ਥਾਂ ਤੇ ਹਰ ਸਮੇਂ ਅੰਦਰ ਆਜ਼ਾਦ ਜੀਵਨ ਜੀਊਣ ਤੇ ਕਿਸੇ ਜਾਬਰ ਦੀ ਈਨ ਨਾ ਮੰਨਣ ਦੀ ਹਮੇਸ਼ਾ ਚਿਤਾਵਨੀ ਦਿੰਦੀ ਹੈ। ਇਹ ਸਿੱਖ ਨੂੰ ਹਮੇਸ਼ਾ ਉਸ ਗੁਰੂ ਦੀ ਯਾਦ ਦਿਵਾਉਂਦੀ ਹੈ ਜਿਸ ਨੇ ਅਕਾਲ ਪੁਰਖ ਤੋਂ ਬਿਨਾਂ ਕਦੇ ਕਿਸੇ ਦੀ ਈਨ ਨਹੀਂ ਸੀ ਮੰਨੀ। ਸਿੱਖ ਦੀ ਕਿਰਪਾਨ ਇਸ ਗੱਲ ਦੀ ਨਿਸ਼ਾਨੀ ਹੈ ਕਿ ਸਿੱਖ ਕਦੇ ਵੀ ਗੁਲਾਮੀ ਵਾਲਾ ਜੀਵਨ ਜੀਊਣਾ ਪ੍ਰਵਾਨ ਨਹੀਂ ਕਰਦਾ, ਭਾਵੇਂ ਇਹ ਗੁਲਾਮੀ ਰਾਜਸੀ ਹੋਵੇ ਜਾਂ ਸਮਾਜਿਕ, ਆਰਥਿਕ ਹੋਵੇ ਜਾਂ ਭਾਈਚਾਰਕ। ਜੇ ਅਸੀਂ ਚਾਹੁੰਦੇ ਹਾਂ ਕਿ ਸਾਡੀ ਅਣਖ ਕਾਇਮ ਰਹੇ ਤਾਂ ਜ਼ਰੂਰੀ ਹੈ ਕਿ ਅਸੀਂ ਕਿਰਪਾਨ ਕਾਇਮ ਰੱਖੀਏ। ਸ਼ਸਤਰ ਧਾਰਨ ਕਰਨ ਵਿਚ ਹੀ ਗੁਰੂ ਪਾਤਸ਼ਾਹ ਦੀ ਖੁਸ਼ੀ ਹੈ। ਜਦੋਂ ਗੁਰੂ ਜੀ ਨੇ ਖਾਲਸੇ ਨੂੰ ਅੰਮ੍ਰਿਤ ਛਕਾਇਆ ਸੀ ਤਾਂ ਉਸ ਸਮੇਂ ਸ਼ਸਤਰ ਧਾਰਨ ਕਰਨ ਦੇ ਹੁਕਮ ਨੂੰ ਬਿਆਨ ਕਰਦੇ ਹੋਏ ਕਵੀ ਸੰਤੋਖ ਸਿੰਘ ਜੀ ਨੇ ਇਸ ਪ੍ਰਕਾਰ ਵਰਨਣ ਕੀਤਾ ਹੈ :

**ਜਬ ਹਮਰੇ ਦਰਸ਼ਨ ਕੋ ਆਵਹੁ।**

**ਬਣ ਸੁਚੇਤ ਸ਼ਸਤਰ ਸਜਾਵਹੁ।**

**ਕਮਰ ਕਸਾ ਕਰ ਦੇਉ ਦਿਖਾਈ।**

**ਹਮਰੀ ਖੁਸ਼ੀ ਹੋਇ ਅਧਿਕਾਇ॥**

ਜਿਸ ਸਮੇਂ ਦੇਸ਼ ਅੰਦਰ ਬਹੁ-ਗਿਣਤੀ ਨੂੰ ਪ੍ਰਗਟ ਤੌਰ ਤੇ ਆਪਣੇ ਧਰਮ ਕਰਮ ਦੀ ਖੁਲ੍ਹ ਨਹੀਂ ਸੀ, ਜਦੋਂ ਹਿੰਦੂਆਂ ਦੇ ਮੰਦਰਾਂ, ਤੀਰਥਾਂ, ਬ੍ਰਾਹਮਣ ਤੇ ਗਊ ਆਦਿ ਤੇ ਟੈਕਸ ਲਗਾਇਆ ਜਾਂਦਾ ਸੀ, ਜਦੋਂ ਉਨ੍ਹਾਂ ਲਈ ਕੋਈ ਜਲੂਸ ਆਦਿ ਕੱਢਣਾ, ਵਾਜਾ ਵਜਾਉਣਾ, ਘੋੜੇ ਤੇ ਚੜ੍ਹਨਾ, ਕਿਸੇ ਪ੍ਰਕਾਰ ਦਾ ਹਥਿਆਰ ਤਥਾ ਸ਼ਸਤਰ ਆਦਿ ਲੈ ਕੇ ਫਿਰਨਾ ਵਿਵਰਜਿਤ ਸੀ, ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦਾ ਸਵੇਰੇ ਸ਼ਾਮ ਰਣਜੀਤ ਨਗਾਰਾ ਵਜਾਉਣਾ ਅਤੇ ਸਿੱਖ ਦਾ ਸਿੱਖ ਨੂੰ ਮਿਲਣ ਸਮੇਂ ਉੱਚੀ ਆਵਾਜ਼ ਵਿਚ **ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ** ਬੁਲਾਉਣਾ, ਸਿੱਖਾਂ ਲਈ ਘੋੜੇ ਅਤੇ ਸ਼ਸਤਰ ਲਿਆਉਣ ਦਾ ਹੁਕਮ ਦੇਣਾ ਅਤੇ ਸਭ ਤੋਂ ਵਧ ਕੇ ਕਿਰਪਾਨ ਨੂੰ ਸਿੱਖੀ ਰਹਿਤ ਦਾ ਜ਼ਰੂਰੀ ਅੰਗ ਬਣਾ ਦੇਣਾ, ਗੁਲਾਮੀ ਵਾਲੀ ਦਸ਼ਾ ਵਿਰੁੱਧ ਇਕ ਬਹੁਤ ਵੱਡੀ ਬਗ਼ਾਵਤ ਸੀ।

੫. **ਕਛਹਿਰਾ :** ਲੱਕ ਦੁਆਲੇ ਪਹਿਨਿਆ ਹੋਇਆ ਕਛਹਿਰਾ ਜਿੱਥੇ ਨੰਗੇਜ ਨੂੰ ਪੂਰੀ ਤਰ੍ਹਾਂ ਢੱਕਦਾ ਹੈ, ਉੱਥੇ ਇਸ ਗੱਲ ਦਾ ਵੀ ਪ੍ਰਤੀਕ ਹੈ ਕਿ ਸਿੱਖ ਨੇ ਆਪਣਾ ਆਚਰਣ ਉੱਚਾ ਤੇ ਸੁੱਚਾ ਰੱਖਣਾ ਹੈ। ਇਹ ਪੰਜ ਕਕਾਰ ਜਿੱਥੇ ਸਰੀਰ ਦੀਆਂ ਜ਼ਰੂਰੀ ਲੋੜਾਂ ਨੂੰ ਪੂਰਾ ਕਰਨ ਵਾਲੇ ਹਨ, ਉੱਥੇ ਇਨ੍ਹਾਂ ਨੂੰ ਪਹਿਨਣ ਨਾਲ ਉਸ ਰੂਪ ਨਾਲ ਸੰਪੂਰਨਤਾ ਮਿਲਦੀ ਹੈ ਜੋ ਰੂਪ ਸਿੱਖ ਦੇ ਗੁਰੂ ਦਾ ਹੈ। ਇਹ ਪੰਜ ਕਕਾਰ ਗੁਰੂ ਦੀ ਦੇਣ ਹਨ ਜਿਸ ਲਈ ਸਿੱਖ ਇਨ੍ਹਾਂ ਨੂੰ ਪਿਆਰਦਾ ਹੈ ਅਤੇ ਆਪਣੇ ਅੰਗ ਸੰਗ ਰੱਖਦਾ ਹੈ। ਸਿੱਖ ਨੇ ਕਕਾਰ ਇਸ ਲਈ ਧਾਰਨ ਕਰਨੇ ਹਨ ਕਿਉਂਕਿ ਐਸਾ ਕਰਨਾ ਸਿੱਖ ਨੂੰ ਗੁਰੂ ਜੀ ਦਾ ਹੁਕਮ ਹੈ, ਕਿਉਂਕਿ ਗੁਰੂ ਜੀ ਦੀ ਪ੍ਰਸੰਨਤਾ ਇਨ੍ਹਾਂ ਨੂੰ ਪਹਿਨਣ ਵਿਚ ਹੈ। ਇਸ ਲਈ ਸਿੱਖ ਕਿਸੇ ਵੀ ਕਕਾਰ ਦਾ ਤਿਆਗ ਨਹੀਂ ਕਰ ਸਕਦਾ। ਗੁਰੂ ਸਾਹਿਬ ਦਾ ਆਪਣਾ ਫੁਰਮਾਨ ਹੈ ਕਿ ਮੈਂ ਸਿੱਖ ਨੂੰ ਕਕਾਰ ਧਾਰਨ ਕਰਨ ਤੋਂ ਛੋਟ ਨਹੀਂ ਦੇ ਸਕਦਾ।ਆਪ ਫੁਰਮਾਉਂਦੇ ਹਨ :

**ਨਿਸ਼ਾਨੇ ਸਿਖੀ ਈ ਪੰਜ ਹਰਫ ਕਾਫ਼॥**

**ਹਰਗਿਜ਼ ਨਾ ਬਾਸ਼ਦ ਈ ਪੰਜ ਮੁਆਫ਼॥**

**ਕੜਾ ਕਾਰਦੋ ਕਛ ਕੰਘਾ ਬਿਦਾਨ॥**

**ਬਿਨਾਂ ਕੇਸ ਹੇਚ ਅਸਤ ਜੁਮਲਾ ਨਿਸ਼ਾਨ॥**

ਇਹ ਕਕਾਰ ਸਿੱਖ ਅਤੇ ਗੁਰੂ ਦੇ ਸਭ ਤੋਂ ਮਹਾਨ ਰਿਸ਼ਤੇ (ਪਿਆਰ) ਦੇ ਪ੍ਰਤੀਕ ਬਣੇ। ਇਸ ਸਬੰਧ ਵਿਚ ਮਾਸਟਰ ਤਾਰਾ ਸਿੰਘ ਜੀ ਦੇ ਲਫ਼ਜ਼ ਮੁੜ-ਮੁੜ ਕੇ ਯਾਦ ਆਉਂਦੇ ਹਨ।ਉਹ ਕਿਹਾ ਕਰਦੇ ਸਨ :

**"ਕਕਾਰ ਗੁਰੂ ਅਤੇ ਸਿੱਖ ਦੇ ਪਿਆਰ ਦੀ ਨਿਸ਼ਾਨੀ ਹਨ। ਇਹਨਾਂ ਕਕਾਰਾਂ ਸਦਕਾ ਮੈਨੂੰ ਆਪਣਾ ਗੁਰੂ ਯਾਦ ਆਉਂਦਾ ਹੈ।ਕਕਾਰ ਮੈਨੂੰ ਗੁਰੂ ਨਾਲ ਜੋੜਦੇ ਹਨ।"**

ਕਕਾਰ ਸਿੱਖ ਦੀ ਆਪਣੇ ਧਰਮ ਉੱਪਰ ਪਰਪੱਕਤਾ, ਦ੍ਰਿੜ੍ਹਤਾ ਅਤੇ ਉਸ ਦੇ ਅੰਦਰਲੇ ਵਿਚਾਰਾਂ ਦਾ ਪ੍ਰਗਟੀਕਰਨ ਵੀ ਹਨ।ਇਕ ਵਿਦਵਾਨ ਨੇ ਠੀਕ ਹੀ ਲਿਖਿਆ ਹੈ :

"Symbols test the disciples firmness and strength or faith. They indicate the type of character the wearer should have."

**[ਭਾਵ ਕਕਾਰ ਸਿੱਖ ਦੀ ਧਰਮ ਪੁਰ ਦ੍ਰਿੜ੍ਹਤਾ ਅਤੇ ਪਰਪੱਕਤਾ ਦੀ ਕਸੌਟੀ ਹਨ। ਉਹ ਇਸ ਗੱਲ ਦਾ ਸੰਕੇਤ ਹਨ ਕਿ ਸਿੱਖ (ਕਕਾਰ ਧਾਰਨ ਕਰਨ ਵਾਲੇ) ਦਾ ਆਚਰਣ ਕਿਹੋ ਜਿਹਾ ਹੋਣਾ ਚਾਹੀਦਾ ਹੈ।]**

ਅਸਲ ਵਿਚ ਇਹ ਕਕਾਰ ਹੀ ਹਨ, ਜਿਨ੍ਹਾਂ ਨੇ ਸਾਨੂੰ ਉਦੋਂ ਵੀ ਖਤਮ ਨਾ ਹੋਣ ਦਿੱਤਾ ਜਦੋਂ ਸਾਡੇ ਬਾਰੇ ਕਾਨੂੰਨ ਵਿਰੁੱਧ ਹੋਣ ਦੇ ਐਲਾਨ ਕੀਤੇ ਗਏ। ਅੱਜ ਤੱਕ ਅਸੀਂ ਜੇ ਆਪਣੀ ਹੋਂਦ ਨੂੰ ਕਾਇਮ ਰੱਖਿਆ ਹੈ, ਤਾਂ ਇਨ੍ਹਾਂ ਕਕਾਰਾਂ ਦੇ ਆਸਰੇ ਹੀ ਰੱਖਿਆ ਹੈ। ਸਾਡੇ ਪ੍ਰਚੱਲਤ ਧਾਰਮਿਕ ਵਿਸ਼ਵਾਸਾਂ ਅਤੇ ਸਾਡੇ ਗੁਰਦੁਆਰਿਆਂ ਵਿਚ ਅੱਜ ਬ੍ਰਾਹਮਣੀ ਵਿਚਾਰਧਾਰਾ ਦੇ ਅਸਰ ਨੂੰ ਪ੍ਰਤੱਖ ਤੌਰ ਤੇ ਦੇਖਿਆ ਜਾ ਸਕਦਾ ਹੈ, ਪਰ ਆਪਣੇ ਸਰੂਪ ਕਰਕੇ ਸਿੱਖ ਆਪਣੇ ਆਪ ਨੂੰ ਸਿੱਖ ਅਤੇ ਕੇਵਲ ਸਿੱਖ ਕਹਾ ਕੇ ਹੀ ਗੌਰਵ ਮਹਿਸੂਸ ਕਰਦਾ ਹੈ ਅਤੇ ਹੋਰਨਾਂ ਨੂੰ ਹੋਰ ਸਮਝਦਾ ਹੈ। ਡਾ: ਇੰਦੂ ਭੂਸ਼ਣ ਬੈਨਰਜੀ ਦੇ ਅਨੁਸਾਰ:

**'ਕਕਾਰ' ਗੁਰੂ ਨਾਨਕ ਵਿਚਾਰਧਾਰਾ ਨੂੰ ਮਿਲਗੋਭਾ ਹੋਣ ਤੋਂ ਬਚਾਈ ਰੱਖਣ ਲਈ ਲਾਜ਼ਮੀ ਕਰਾਰ ਦਿੱਤੇ ਗਏ ਹਨ।** ਉਹ ਲਿਖਦੇ ਹਨ :

"In order that the influences started by Guru Nanak might continue to work, it was essential that those influences should be prepetuted and paradoxical as it may seem, new forms forged in order that the spirit might not disappear."

**[ਭਾਵ—ਗੁਰੂ ਨਾਨਕ ਸਾਹਿਬ ਦੀ ਦਿੱਤੀ ਨੈਤਿਕ ਸ਼ਕਤੀ ਨੂੰ ਜ਼ਿੰਦਾ ਰੱਖਣ ਲਈ ਇਹ ਜ਼ਰੂਰੀ ਸੀ ਕਿ ਉਨ੍ਹਾਂ ਦੇ ਉਪਦੇਸ਼ਾਂ (ਫ਼ਿਲਾਸਫ਼ੀ) ਨੂੰ ਹਮੇਸ਼ਾ ਲਈ ਕਾਇਮ ਰੱਖਿਆ ਜਾਵੇ ਅਤੇ ਭਾਵੇਂ ਇਹ ਗੱਲ ਅਸੰਗਤ ਨਜ਼ਰ ਆਉਂਦੀ ਹੋਵੇ ਪਰ ਨਵੀਂ ਰਹਿਤ ਮਰਯਾਦਾ ਇਸ ਗੱਲ ਲਈ ਬਣਾਈ ਗਈ ਸੀ ਤਾਂ ਜੋ ਗੁਰਮਤਿ ਵਿਚਾਰਧਾਰਾ ਦੀ ਚੜ੍ਹਦੀ ਕਲਾ ਕਾਇਮ ਰਹੇ।]**

**ਅੰਗਰੇਜ਼ ਬੀਬੀ Miss Jeanee Culler ਕਕਾਰਾਂ ਦੀ ਮਹਾਨਤਾ ਨੂੰ ਇੰਜ ਦਰਸਾਉਂਦੀ ਹੈ :**

Eliminate your symbols, my Sikhlings, and watch the Khalsa crumble. Take off the turban, shave the beard, cut the hair or throw aside the Kada, I can tell you truthfully the result would be embarrassing as well as disastours. These five symbols have held the Sikhs in united brotherhood. They serve to make a Sikh and act as a Sikh. They endow him with a courage to accomplish feats, which otherwise would be impossible for an average man. To make a long story short the five symbols have a psychological bearing on the man who wears them. They are a manifestation of Guru the Eternal." **19 20**

(ਭਾਵ—ਐ ਸਿੱਖ ਵੀਰੋ! ਜ਼ਰਾ ਆਪਣੇ ਕਕਾਰ ਤਿਆਗ ਕੇ ਤਾਂ ਵੇਖੋ ਖਾਲਸਾ ਪੰਥ ਦਾ ਅੰਤ ਸਾਹਮਣੇ ਨਜ਼ਰ ਆਵੇਗਾ। ਜੇ ਤੁਸੀਂ ਦਸਤਾਰ ਉਤਾਰ ਦਿਉ, ਕੇਸ ਦਾੜ੍ਹੀ ਕਤਲ ਕਰਾ ਦਿਉ ਤੇ ਕੜਾ ਲਾਹ ਛੱਡੋ ਤਾਂ ਮੈਂ ਤੁਹਾਨੂੰ ਦਿਆਨਤਦਾਰੀ ਨਾਲ ਕਹਿੰਦੀ ਹਾਂ, ਇਸ ਸਭ ਦਾ ਨਤੀਜਾ ਬੜਾ ਮੁਸੀਬਤ ਭਰਿਆ ਅਤੇ ਮੰਦਭਾਗਾ ਹੋਵੇਗਾ।

ਇਨ੍ਹਾਂ ਪੰਜ ਕਕਾਰਾਂ ਨੇ ਸਿੱਖਾਂ ਨੂੰ ਇਕ ਭਾਈਚਾਰੇ ਵਿਚ ਸੰਗਠਿਤ ਰੱਖਿਆ ਹੈ ਕਿਉਂਕਿ ਇਹ ਧਾਰਮਿਕ ਚਿੰਨ੍ਹ, ਸਿੱਖ ਨੂੰ '**ਸਿੱਖ**' ਮਹਿਸੂਸ ਕਰਨ ਅਤੇ **ਸਿੱਖੀ ਮਾਰਗ** ਤੇ ਚੱਲਣ ਦੇ ਸਮਰੱਥ ਬਣਾਉਂਦੇ ਹਨ। ਇਹ ਸਿੱਖ ਨੂੰ ਉਹ ਹਿੰਮਤ ਭਰੇ ਕਾਰਨਾਮੇ ਕਰਨ ਦੇ ਸਮਰੱਥ ਬਣਾਉਂਦੇ ਹਨ ਜੋ ਕਿ ਦੂਜੇ (ਗੈਰ-ਸਿੱਖ) ਲੋਕ ਨਹੀਂ ਕਰ ਸਕਦੇ। ਮੁੱਕਦੀ ਗੱਲ ਇਹ ਹੈ ਕਿ ਪੰਜ ਕਕਾਰ, ਸਿੱਖ ਉੱਤੇ ਮਨੋਵਿਗਿਆਨਕ ਅਸਰ ਪਾਉਂਦੇ ਹਨ। ਇਹ ਧਾਰਮਿਕ ਚਿੰਨ੍ਹ (ਕਕਾਰ) ਅਨੰਤ ਕਾਲ ਤੱਕ ਰਹਿਣ ਵਾਲੇ ਗੁਰੂ ਨੂੰ ਪ੍ਰਕਾਸ਼ਮਾਨ ਕਰਦੇ ਹਨ। ਅਸਲ ਵਿਚ ਕਕਾਰ ਧਾਰਨ ਕਰਨੇ ਗੁਰੂ ਦੇ ਹੁਕਮ ਵਿਚ ਰਹਿਣ ਦੀ ਨਿਸ਼ਾਨੀ ਹੈ। ਜੋ ਵੀ ਹੁਕਮ ਵਿਚ ਖਿੜੇ ਮੱਥੇ ਟੁਰੇਗਾ, ਦਰ ਕਬੂਲ ਹੋਵੇਗਾ ਤੇ ਮਾਲਕ ਨੂੰ ਪਾ ਲਵੇਗਾ। ਜਦੋਂ ਸਿੱਖ ਉਹ ਹੀ ਕਰਮ ਕਰੇਗਾ ਜੋ ਗੁਰੂ ਨੂੰ ਚੰਗੇ ਲਗਦੇ ਹਨ ਤਾਂ ਇੱਥੇ ਹੀ ਨਹੀਂ ਦਰਗਾਹ ਵਿਚ ਵੀ ਇੱਜ਼ਤ ਪਤਿ ਨਾਲ ਜਾਏਗਾ।

**"ਹੁਕਮਿ ਮੰਨਿਐ ਹੋਵੈ ਪਰਵਾਣੁ,**

**ਤਾ ਖਸਮੈ ਕਾ ਮਹਲੁ ਪਾਇਸੀ।"**

**"ਖਸਮੈ ਭਾਵੈ ਸੋ ਕਰੇ,**

**ਮਨਹੁ ਚਿੰਦਿਆ ਸੋ ਫਲੁ ਪਾਇਸੀ।**

**ਤਾ ਦਰਗਹ ਪੈਧਾ ਜਾਇਸੀ॥"** ੧੫॥ *(ਆਸਾ ਕੀ ਵਾਰ)*

ਹੁਕਮ ਵਿਚ ਟੁਰਨ ਦਾ ਜੋ ਸੁਆਦ ਹੈ, ਅਨੰਦ ਹੈ, ਇਹ ਉਹ ਹੀ ਜਾਣਦਾ ਹੈ ਜਿਸ ਨੇ ਜ਼ਿੰਦਗੀ ਅਰਪ ਦਿੱਤੀ ਹੈ, ਜਿਸ ਨੇ ਕਿੰਤੂ ਛੱਡ ਦਿੱਤਾ ਹੈ।

ਇਹ ਵਿਸਾਖੀ ਵਾਲਾ ਦਿਹਾੜਾ "**ਪਿਆਰਾ**" ਬਣਨ ਦਾ ਨੁਸਖਾ ਸੰਭਾਲੀ ਬੈਠਾ ਹੈ। ਆਪਾ ਪੇਸ਼ ਕੀਤਾ, ਸੀਸ ਭੇਟ ਦਿੱਤੇ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਦੇ "**ਪਿਆਰੇ**" ਕਹਿਲਾਏ। ਵਿਸਾਖੀ ਵਾਲੇ ਦਿਨ ਸੂਰਜ ਵੀ ਸਿਖਰ ਉੱਤੇ ਹੁੰਦਾ ਹੈ ਤੇ ਸਿੱਖ ਇਤਿਹਾਸ ਵਿਚ ਵੀ ਇਹ ਸਿਖਰ ਦੀ ਘਟਨਾ ਹੈ। **ਮੁਰਦਾ ਹੋਇ ਮੁਰੀਦ ਨਾ ਗਲੀਂ ਹੋਵਣਾ** ਦਾ ਸਿਖਰ ਹੀ ਹੈ। ਜਿਵੇਂ ਕਬਰ ਵਿਚ ਪੈਣ ਲਈ ਮੁਰਦਾ ਹੋਣਾ ਜ਼ਰੂਰੀ ਹੈ, ਮੂਕ ਹੋਣਾ ਲਾਜ਼ਮੀ ਹੈ, ਤਿਵੇਂ ਗੁਰੂ ਵਿਚ ਸਮਾਉਣ ਲਈ, ਥਾਂ ਪ੍ਰਾਪਤ ਕਰਨ ਲਈ, ਪਿਆਰਾ ਬਣਨ ਲਈ ਆਪਾ ਮਾਰਨਾ ਅਵੱਸ਼ਕ ਹੈ। ਵਿਸਾਖੀ ਵਾਲਾ ਦਿਨ ਪਹਿਲਾਂ ਮਰਨ ਕਬੂਲ ਦਾ ਅਮਲੀ ਪ੍ਰਗਟਾਵਾ ਹੀ ਹੈ। ਸਿਰ ਧਰ ਤਲੀ ਦਾ ਹੀ ਉਲਥਾ ਹੈ। "**ਸੀਸ ਬਢੈ ਕਰ ਬੈਸਣ ਦੀਜੈ**" ਦਾ ਪ੍ਰਤੱਖ ਨਜ਼ਾਰਾ ਹੀ ਹੈ। ਵਿਸਾਖੀ ਵਾਲੇ ਦਿਨ ਸੁੱਤੀ ਹੋਈ ਨਬਾਤਾਤ ਜਾਗਦੀ ਹੈ ਤੇ ਉਸ ਦਿਨ ਤੋਂ ਜੰਮੀ ਹੋਈ ਬਰਫ਼ ਢਲਣੀ ਅਰੰਭ ਹੋ ਕੇ ਮੈਦਾਨਾਂ ਵਿਚ ਵਗਣੀ ਸ਼ੁਰੂ ਹੁੰਦੀ ਹੈ। ਇਸ ਦਿਨ ਬਖਸ਼ਸ਼ਾਂ ਦੀ ਨਦੀ ਕੇਸਗੜ੍ਹ ਤੋਂ ਸੰਸਾਰਕ ਜੀਵਾਂ ਲਈ ਵਗੀ ਹੈ। ਸੁੱਤੀਆਂ ਹੋਈਆਂ ਕਲਾਂ ਜਾਗੀਆਂ ਹਨ। ਘੂਕ ਸੁੱਤੀ ਲੁਕਾਈ ਨੇ ਪਾਸਾ ਪਲਟਿਆ ਹੈ। ਤਲਵਾਰ ਦੀ ਨੋਕ ਉੱਤੇ ਨਵੇਂ ਨਾਚ ਹੋਏ ਹਨ। ਇਹ ਇਤਿਹਾਸਕ ਸੱਚਾਈ ਹੈ ਕਿ ਵਿਸਾਖੀ ਵਾਲੇ ਦਿਨ ਗੁਰੂ ਨਾਨਕ ਜੀ ਨੇ ਸੱਚ, ਪ੍ਰੇਮ, ਅਣਖ, ਆਜ਼ਾਦੀ ਦਾ ਉਪਦੇਸ਼ ਦੇਣਾ ਅਰੰਭਿਆ ਸੀ। ਗੁਰੂ ਗੋਬਿੰਦ ਸਿੰਘ ਜੀ

ਨੇ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਕਮਾਉਣ ਵਾਲੇ ਨੂੰ ਸਿਖਰ ਤੱਕ ਪਹੁੰਚਾ ਕੇ ਖਾਲਸੇ ਦਾ ਰੂਪ ਦਿੱਤਾ। ਖਾਲਸਾ ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਦਾ ਹੀ ਪਹਿਰੇਦਾਰ ਤੇ ਝੰਡਾ ਬਰਦਾਰ ਹੈ। ਸੀਸ ਭੇਟ ਕਰਕੇ ਪੰਜਾਂ ਪਿਆਰਿਆਂ ਨੇ ਐਸਾ ਜੀਵਨ ਜੀਉਣ ਦੀ ਜਾਚ ਸਿਖਾ ਦਿੱਤੀ ਜੋ ਕਦੇ ਮੁੱਕੇਗਾ ਨਹੀਂ, ਡੋਲੇਗਾ ਨਹੀਂ। ਕਬੀਰ ਜੀ ਨੇ ਇਸੇ ਭਾਵ ਲਈ ਹੀ ਕਿਹਾ ਸੀ : ਕਬੀਰ ਸਦੀਆਂ ਤੋਂ ਲੁਕਾਈ ਮਰਦੀ ਆ ਰਹੀ ਹੈ, ਮਰੇਗੀ ਵੀ ਪਰ ਲੁਕਾਈ ਨੂੰ ਅੱਜ ਤੱਕ ਮਰਨ ਦਾ ਵੱਲ ਨਹੀਂ ਆਇਆ। ਜੋ ਆਪਾ ਮਾਰ ਦੇਵੇ ਉਹ ਫਿਰ ਕਦੇ ਨਹੀਂ ਮਰਦਾ ਅਤੇ ਆਤਮਕ ਜੀਵਨ ਪ੍ਰਾਪਤ ਕਰ ਲੈਂਦਾ ਹੈ।

**ਕਬੀਰ ਮਰਤਾ ਮਰਤਾ ਜਗੁ ਮੂਆ,**

**ਮਰਿ ਭੀ ਨ ਜਾਨਿਆ ਕੋਇ ॥**

**ਐਸੇ ਮਰਨੇ ਜੋ ਮਰੈ,**

**ਬਹੁਰਿ ਨ ਮਰਨਾ ਹੋਇ ॥ ੨੯ ॥** *(ਸਲੋਕ, ਕਬੀਰ ਜੀ)*

ਕਬੀਰ ਜੀ ਫਿਰ ਲਿਖਦੇ ਹਨ ਕਿ ਜਿਸ ਆਪਾ ਭਾਵ ਨੂੰ ਮਿਟਾਣ ਤੋਂ ਲੋਕੀਂ ਘਬਰਾਂਦੇ ਹਨ ਅਸਲ ਵਿਚ ਆਪਾ ਮਾਰਨਾ ਹੀ ਪੂਰਨ ਅਨੰਦ ਹੈ। ਆਪਾ ਭਾਵ ਮਿਟਾਉਣ ਨਾਲ ਅਤੇ ਸਭ ਕੁਝ ਅਰਪਣ ਕੀਤਿਆਂ ਹੀ ਮੁਕੰਮਲ ਖੁਸ਼ੀ ਮਿਲਦੀ ਹੈ।

**ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦੁ ॥**

**ਮਰਨੇ ਹੀ ਤੇ ਪਾਈਐ, ਪੂਰਨੁ ਪਰਮਾਨੰਦੁ ॥ ੨੨ ॥**

*(ਸਲੋਕ ਕਬੀਰ ਜੀ)*

ਸੋ ਸਿੱਖ ਨੂੰ ਸਭ ਤੋਂ ਪਹਿਲਾਂ ਹੁੱਜਤ, ਦਲੀਲ, ਸਵਾਲ ਛੱਡ ਕੇ "**ਰਹਿਤ ਪਿਆਰੀ ਮੋਹਿ ਕਉ**" ਦਾ ਪਹਿਰਾ ਦੇਣਾ ਚਾਹੀਦਾ ਹੈ। ਇਹ ਕਕਾਰ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਉਦੋਂ ਬਖਸ਼ੇ ਸਨ ਜਦ ਉਹਨਾਂ ਭਰੀ ਸੰਗਤ ਵਿਚ ਕਿਹਾ, "**ਸਨਮੁਖ ਸਿਖ ਹੈ ਕੋਈ। ਸੀਸ ਭੇਟ ਗੁਰ ਦੇਵੇ ਕੋਈ।**" ਉਹਨਾਂ ਦੀ ਆਵਾਜ਼ ਉੱਤੇ ਪੰਜਾਂ ਨੇ ਆਪਣੇ ਸੀਸ ਭੇਟ ਕੀਤੇ। ਗੁਰੂ ਜੀ ਨੇ ਲਲਕਾਰ ਵੇਲੇ ਨਾ ਤਾਂ ਕੋਈ ਡਰ ਦਿੱਤਾ, ਨਾ ਕੋਈ ਲਾਲਚ, ਨਾ ਕੋਈ ਧਮਕੀ ਤੇ ਨਾ ਹੀ ਕਿਸੇ ਪਾਸ ਕੋਈ ਸਿਫ਼ਾਰਸ਼ ਕਰਨ ਦੀ ਗੱਲ ਆਖੀ। ਪੰਜਾਂ ਨੇ ਪੂਰੀ ਹੋਸ਼ ਵਿਚ ਆਪਣਾ ਆਪ ਪੇਸ਼ ਕੀਤਾ। ਉਸ ਉਪਰੰਤ ਖਾਲਸਾ ਬਣਿਆ। ਜਦ ਪੂਰੀ ਸੁਰਤਿ ਵਿਚ ਸਭ ਕੁਝ ਗੁਰੂ ਜੀ ਨੂੰ ਭੇਟ ਕਰ ਦਿੱਤਾ ਤਾਂ ਫਿਰ ਕਿਸੇ ਨੂੰ ਕੋਈ ਹੱਕ ਨਹੀਂ ਕਿ ਗੁਰੂ ਦੀ ਵਸਤੂ ਨੂੰ ਛੇੜੇ, ਵਿਗਾੜੇ ਜਾਂ ਖ਼ਤਮ ਕਰੇ। ਜੋ ਰੂਪ ਗੁਰੂ ਪਾਤਸ਼ਾਹ ਨੇ ਬਖਸ਼ਿਆ ਉਸ ਨੂੰ ਸਤਿਕਾਰ ਨਾਲ ਸਾਂਭਣਾ ਹੀ ਸਾਡਾ ਧਰਮ ਹੈ। ਇਹ ਗੱਲਾਂ ਤਾਂ ਆਪਾ ਪੇਸ਼ ਕਰਨ ਤੋਂ ਪਹਿਲਾਂ ਸੋਚਣੀਆਂ ਸਨ।

ਜਦ ਗੁਰੂ ਗੋਬਿੰਦ ਸਿੰਘ ਜੀ ਦੇ ਕਹਿਲਾਣ ਲੱਗ ਪਏ ਤਾਂ ਫਿਰ ਛੇੜਛਾੜੀ ਕਿਉਂ ? ਦਲੀਲਬਾਜ਼ੀ ਤੇ ਹੁੱਜਤ ਕਿਉਂ ? ਪ੍ਰੋਫੈਸਰ ਪੂਰਨ ਸਿੰਘ ਜੀ ਨੇ ਇਸ ਭਾਵ ਦੀ ਸੁੰਦਰ ਪਰ ਕਰੜੀ ਚਿਤਾਵਨੀ ਦਿੰਦੇ ਹੋਏ ਲਿਖਿਆ ਹੈ : **ਸੱਚੇ**

**ਪਾਤਸ਼ਾਹ ਨੇ ਆਪਣੇ ਬੱਚੇ ਖਾਲਸ ਖਾਲਸੇ ਨੂੰ ਆਪਣਾ ਸਾਰਾ ਰੂਪ ਬਖਸ਼ਿਆ ਹੈ। ਸ੍ਰੀ ਸਾਹਿਬ ਬਖਸ਼ੀ, ਕੜਾ, ਕਛਹਿਰਾ, ਕਿਰਪਾਨ, ਕੰਘਾ ਬਖਸ਼ੇ, ਦਾੜ੍ਹਾ ਬਖਸ਼ਿਆ ਹੈ, ਘੋੜਾ ਚੜ੍ਹਨ ਨੂੰ, ਸਰਦਾਰ ਸੂਰਤ ਬਖਸ਼ੀ। ਸਭ ਬਖਸ਼ ਕੇ ਕਿਹਾ ਇਸ ਮੇਰੇ ਰੂਪ ਵਿਚ ਮੈਂ ਜ਼ਰੂਰ ਤੁਹਾਨੂੰ ਦਰਸ਼ਨ ਦਿਆ ਕਰਾਂਗਾ, ਮੇਰੀ ਯਾਦਗਾਰ ਨੂੰ ਸਾਂਭ ਕੇ ਰੱਖਣਾ ਇਹ ਮੇਰੀ ਪੂਜਾ ਤੇ ਪਿਆਰ ਹੈ। "ਮੇਰੇ ਘਰ, ਮੇਰੇ ਸਾਸ, ਮੇਰੇ ਮੰਦਰ, ਮੇਰੇ ਰੂਪ। ਇਹ ਸਭ ਹੇ ਖਾਲਸਾ, ਮੇਰੀ, ਤੇਰੇ ਪਾਸ ਅਮਾਨਤ ਰੱਖੇ ਹਨ। ਇਹ ਚੀਜ਼ਾਂ ਮੇਰੀਆਂ ਹਨ। ਤੇਰੀਆਂ ਨਹੀਂ, ਤੈਨੂੰ ਸਮਝ ਨਹੀਂ, ਪਰ ਮੇਰੀ ਅਮਾਨਤ ਆਪਣੇ ਪਾਸ ਰੱਖੀਂ, ਅਮਾਨਤ ਵਿਚ ਖਿਆਨਤ ਨਾ ਕਰੀਂ। ਖ਼ਬਰਦਾਰ ! !"**

**ਬਾਣੀ ਤੇ ਬਾਣਾ :** ਗੁਰੂ ਸਾਹਿਬ ਦੀ ਪ੍ਰਸੰਨਤਾ ਲੈਣ ਵਾਸਤੇ ਜਿੱਥੇ ਅਸੀਂ ਪੰਜ ਕਕਾਰਾਂ ਵਾਲਾ ਬਾਣਾ ਸਜਾਉਣਾ ਹੈ ਉੱਥੇ ਨਾਲ ਹੀ ਆਪਣੇ ਬੋਲ ਤੋਲ ਤੇ ਵਰਤਣ ਵਿਹਾਰ ਨੂੰ ਗੁਰੂ ਹੁਕਮਾਂ ਦੇ ਅਨੁਕੂਲ ਬਣਾਉਣਾ ਵੀ ਬਹੁਤ ਜ਼ਰੂਰੀ ਹੈ। ਜੇ ਸਾਡਾ ਬਾਹਰਲਾ ਸਰੂਪ ਤਾਂ ਖਾਲਸੇ ਵਾਲਾ ਹੈ ਪਰ ਅੰਦਰ ਖਾਲਸੇ ਵਾਲੇ ਗੁਣ ਨਹੀਂ, ਉਹ ਗੁਣ ਜਿਨ੍ਹਾਂ ਗੁਣਾਂ ਲਈ ਇਹ ਪੰਜ ਕਕਾਰ ਸਾਨੂੰ ਬਖਸ਼ੇ ਗਏ ਸਨ, ਜੇ ਉਹ ਸਾਡੇ ਜੀਵਨ ਅੰਦਰ ਨਹੀਂ ਤਾਂ ਸਾਡਾ ਬਾਹਰਲਾ ਬਾਣਾ ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਭੇਖ ਬਣ ਜਾਵੇਗਾ ਅਤੇ ਭੇਖੀ ਮਨੁੱਖ ਵਾਸਤੇ ਗੁਰੂ ਚਰਨਾਂ ਵਿਚ ਕੋਈ ਥਾਂ ਨਹੀਂ। ਇਸ ਨੁਕਤੇ ਨੂੰ ਹੋਰ ਸਪੱਸ਼ਟ ਕਰਨ ਲਈ ਅਸੀਂ ਇਕ ਉਦਾਹਰਣ ਲੈਂਦੇ ਹਾਂ। ਹਰ ਦੇਸ਼ ਅਤੇ ਹਕੂਮਤ ਦਾ ਆਪਣਾ-ਆਪਣਾ ਸਿੱਕਾ ਹੁੰਦਾ ਹੈ, ਜਿਸ ਉੱਪਰ ਸੰਬੰਧਿਤ ਬਾਦਸ਼ਾਹ ਜਾਂ ਰਾਜ ਦੀ ਪ੍ਰਵਾਣਤ ਮੋਹਰ ਹੁੰਦੀ ਹੈ। ਜੇਕਰ ਅਜਿਹੀ ਮੋਹਰ ਸਿੱਕੇ ਉੱਤੇ ਨਾ ਉਕਰੀ ਹੋਵੇ ਤਾਂ ਉਸ ਸਿੱਕੇ ਦਾ ਕੋਈ ਮੁੱਲ ਨਹੀਂ ਪੈਂਦਾ। ਸਿੱਕੇ ਤੇ ਲੱਗੀ ਮੋਹਰ, ਸਿੱਕੇ ਦੀ face value ਜ਼ਾਹਿਰ ਕਰਦੀ ਹੈ। ਇਸ ਮੋਹਰ ਤੋਂ ਸਾਨੂੰ ਇਹ ਨਿਸ਼ਚਾ ਹੁੰਦਾ ਹੈ ਕਿ ਦੇਸ਼ ਅੰਦਰ ਜਿੱਥੇ ਵੀ ਇਹ ਲਿਜਾਇਆ ਜਾਵੇਗਾ ਇਹ ਆਪਣਾ ਮੁੱਲ ਪੁਆਏਗਾ। ਪਰ ਕਈ ਵਾਰ ਸਿੱਕੇ ਦੀ ਮੋਹਰ ਠੀਕ ਹੁੰਦੀ ਹੈ, ਫਿਰ ਵੀ ਉਸ ਨੂੰ ਖੋਟਾ ਕਹਿ ਕੇ ਮੋੜ ਦਿੱਤਾ ਜਾਂਦਾ ਹੈ ਕਿਉਂਕਿ ਉਸ ਅੰਦਰ ਪ੍ਰਵਾਣਤ ਮਿਣਤੀ ਦਾ ਸੋਨਾ ਜਾਂ ਚਾਂਦੀ ਨਹੀਂ ਹੁੰਦਾ। ਇਸ ਨੂੰ ਸਿੱਕੇ ਦੀ intrinsic value ਸਮਝੋ। ਸੋ ਉਹੀ ਸਿੱਕਾ ਪ੍ਰਵਾਨ ਚੜ੍ਹਦਾ ਹੈ ਜਿਸ ਦੀ ਮੋਹਰ ਵੀ ਠੀਕ ਹੋਵੇ, ਉਸ ਨੂੰ ਬਣਾਉਣ ਵਾਲੀ ਵਰਤੀ ਗਈ ਧਾਤ ਵੀ ਪੂਰੀ ਮਾਤਰਾ ਵਿਚ ਸ਼ੁੱਧ ਹੋਵੇ। ਠੀਕ ਇਸੇ ਤਰ੍ਹਾਂ ਗੁਰੂ ਦੇ ਸਿੱਖਾਂ ਵਾਸਤੇ ਬਾਣਾ ਅਤੇ ਬਾਣੀ ਹੈ। ਬਾਣਾ ਖਾਲਸਾ ਪੰਥ ਦੀ ਜਥੇਬੰਦੀ ਦਾ ਸ਼ਿੰਗਾਰ ਹੈ। ਬਾਣੀ ਇਸ ਦੀ ਆਤਮਾ ਦਾ ਆਧਾਰ ਹੈ। ਜਿਵੇਂ ਕਿਸੇ ਸਰੀਰ ਦੀ ਸ਼ੋਭਾ ਆਤਮਾ ਨਾਲ ਹੈ ਇਵੇਂ ਹੀ ਸਿੱਖ ਦੇ ਜੀਵਨ ਲਈ ਗੁਰੂ ਕਾ ਬਾਣਾ ਅਤੇ ਗੁਰੂ ਕੀ ਬਾਣੀ ਹੈ। ਜੋ ਬਾਣਾ ਤਾਂ ਖਾਲਸੇ ਵਾਲਾ ਰੱਖਦੇ ਹਨ ਪਰ ਅੰਦਰ ਸਿੱਖੀ ਜੀਵਨ ਦੀ ਲਾਗ ਨਹੀਂ, ਅੰਮ੍ਰਿਤਧਾਰੀ ਗੁਰਸਿੱਖਾਂ ਵਾਲੇ ਗੁਣ ਨਹੀਂ, ਤਦੋਂ ਐਸਾ ਬਾਣਾ ਨਿਰਾ ਭੇਖ ਬਣ ਜਾਂਦਾ ਹੈ। ਇਸੇ ਤਰ੍ਹਾਂ ਜਿਨ੍ਹਾਂ ਅੰਦਰ ਬਾਣੀ ਦਾ ਆਧਾਰ ਤਾਂ ਹੈ, ਪਰੰਤੂ ਸਿੰਘਾਂ ਵਾਲਾ ਬਾਣਾ ਅਥਵਾ ਰੂਪ ਨਹੀਂ, ਉਹ ਪ੍ਰਵਾਣਤ ਸਰਕਾਰੀ ਮੋਹਰ ਤੋਂ ਬਿਨਾਂ ਉਸ ਸਿੱਕੇ ਦੀ ਨਿਆਈਂ ਹੀ ਹਨ, ਜੋ ਖਾਲਸਾ ਜਥੇਬੰਦੀ ਅੰਦਰ ਆਪਣਾ ਮੁੱਲ ਨਹੀਂ ਪਵਾ ਸਕਦਾ। ਇਸ ਲਈ ਗੁਰੂ ਦੇ ਸਿੰਘਾਂ ਲਈ ਗੁਰੂ ਦੀ ਬਾਣੀ ਅਤੇ ਗੁਰੂ ਦਾ ਬਾਣਾ ਦੋਨੋਂ ਵਿਸ਼ੇਸ਼ ਮਹੱਤਤਾ ਰੱਖਦੇ ਹਨ।

ਅੰਤ ਵਿਚ ਇਸ ਲੇਖ ਨੂੰ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਉਚਾਰੇ ਹੋਏ ਇਸ ਸਵੱਈਏ ਨਾਲ ਸਮਾਪਤ ਕਰਦੇ ਹਾਂ।

**ਜਾਗਤ ਜੋਤਿ ਜਪੈ ਨਿਸ ਬਾਸੁਰ,**

**ਏਕ ਬਿਨਾ ਮਨ ਨੈਕ ਨ ਆਨੈ॥**

**ਪੂਰਨ ਪ੍ਰੇਮ ਪ੍ਰਤੀਤ ਸਜੈ,**

**ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥**

**ਤੀਰਥ ਦਾਨ ਦਇਆ ਤਪ ਸੰਜਮ,**

**ਏਕ ਬਿਨਾ ਨਹਿ ਏਕ ਪਛਾਨੈ॥**

**ਪੂਰਨ ਜੋਤਿ ਜਗੈ ਘਟ ਮੈ,**

**ਤਬ ਖਾਲਸ ਤਾਹਿ ਨਖਾਲਸ ਜਾਨੈ॥**

ਆਪਣੇ ਅੰਦਰ ਗੁਰੂ ਦੇ ਗਿਆਨ ਦੀ ਲਟ ਲਟ ਕਰਦੀ ਪੂਰਨ ਜੋਤ ਨੂੰ ਜਗਾ ਲੈਣਾ ਹੀ ਖਾਲਸਾ ਹੋਣਾ ਹੈ।


ਲਾਂਚ ਕਰਤਾ : ਜਸਬੀਰ ਸਿੰਘ Mob.: 09988160484



निम्नलिखित वेबसाइट में दस गुरुजनों का सम्पूर्ण जीवन वृत्तांत विस्तृत रूप में तथा स्वतंत्रता अवश्य देखें तथा पढ़े।

www.sikhworld.info

jasbirsikhworldinfo@gmail.com

ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਨਾਂ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜ੍ਹੋ ਜੀ।